# ਸਟਾਬ...

## ਉਹ ਤਾਂ ਖ਼ੁਦਕੁਸ਼ੀ ਕਰ ਗਿਆ...

ਬੇਅੰਤ ਬਰੀਵਾਲਾ

www.PunjabiLibrary.com

# ਜਨਾਬ....

# ਉਹ ਤਾਂ ਖ਼ੁਦਕੁਸ਼ੀ ਕਰ ਗਿਆ...

**ਬੇਅੰਤ ਬਰੀਵਾਲਾ**

**@Writer**

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

## ਭਾਗ -1

ਸਾਡਾ ਸਮਾਜ ਸ਼ੁਰੂ ਤੋਂ ਹੀ ਮਰਦ ਪ੍ਰਧਾਨ ਰਿਹਾ ਹੈ | ਏਥੇ ਔਰਤ ਹੋਣਾ ਤਾਂ ਕਦੇ ਕਦੇ ਗੁਨਾਹ ਵੀ ਬਣ ਜਾਂਦਾ ਰਿਹਾ ਏ .... ਤੁਲਸੀਦਾਸ ਵਰਗੇ ਮਹਾਨ ਗਿਆਨੀ ਵੀ ਔਰਤ ਦੇ ਬਾਰੇ ਇਹ ਲਿਖ ਗਏ..

ਢੋਲ ਗਵਾਰ ਸ਼ੂਦਰ ਪਸ਼ੂ ਨਾਰੀ

ਇਹ ਸਭ ਤਾੜਨ ਦੇ ਅਧਿਕਾਰੀ

ਔਰਤ ਨੂੰ ਏਹਨਾਂ ਮੁਸੀਬਤਾਂ ਦਾ ਸਾਮਹਣਾ ਅੱਜ ਤੋਂ ਨੀਂ ਕਰਨਾ ਪੈ ਰਿਹਾ.... ਇਹ ਤਾਂ ਤਾਰੇਤਾ ਤੇ ਦੁਆਪਰ ਯੁੱਗ ਤੋਂ ਹੀ ਮਰਦਾਂ ਦੀ ਹਵਸ ਦਾ ਸ਼ਿਕਾਰ ਬਣਦੀਆਂ ਰਹੀਆਂ ਨੇ |

ਇੰਦਰ ਵੱਲੋਂ ਕੀਤੇ ਗੁਨਾਹਾਂ ਦੀਆਂ ਸਜ਼ਾਵਾਂ ਵੀ ਗੌਤਮ ਰਿਸ਼ੀ ਵਰਗਿਆਂ ਵੱਲੋਂ

ਆਹੱਲਿਆ ਨੂੰ ਦਿੱਤੀ ਜਾਂਦੀਆਂ ਰਹੀਆਂ ਨੇ ......

ਤੇ ਨਿਪੁੰਸਕ ਜੋਧਿਆ ਵਲੋਂ ਕਿਸੇ ਵਸਤੂ ਵਾਂਗ ਜੂਏ ਦੇ ਦਾਅ ਤੇ ਲੱਗਦੀ ਰਹੀ ਆ ਔਰਤ ਤੇ ਭਰੀ ਸਭਾ ਚ ਹੁੰਦਾ ਰਿਹਾ ਏ ਔਰਤ ਦਾ ਚੀਰਹਰਣ..... ਪਤੀ ਦੇ ਮਰਨ ਪਿੱਛੋਂ ਜਿਆਉਂਦੀਆਂ ਅੱਗ ਚ ਬੈਠ ਕੇ ਸਤੀ ਹੁੰਦੀਆਂ ਰਹੀਆਂ ਨੇ ਔਰਤਾਂ.......ਜੋ ਸਤੀ ਨਹੀਂ ਹੋਈਆਂ ਉਹ ਵਿਧਵਾ ਹੋ ਕੇ ਲੋਕਾਂ ਦੇ ਮਹਿਣਿਆਂ ਦਾ ਸ਼ਿਕਾਰ ਹੁੰਦੀਆਂ ਰਹੀਆਂ...

ਬੰਦਾ ਖਾਣੀ

ਕਲਮੂਹੀ

ਕੁਲਹਿਣੀ ਤੇ ਦੁਰਭਾਗਨ ਵਰਗੇ ਨਾਂ ਮਿਲਦੇ ਰਹੇ ਆ ਸਮਾਜ ਵੱਲੋਂ....|

ਔਰਤਾਂ ਵੀ ਔਰਤ ਦੀਆਂ ਸਭ ਤੋਂ ਵੱਡੀਆਂ ਦੁਸ਼ਮਣ ਹੋਣ ਦਾ ਰੋਲ ਅਦਾ ਕਰਦੀਆਂ ਰਹੀਆਂ ਨੇ ਏਥੇ.......

ਇਹ ਸਿਲਸਲਾ ਨਿਰੰਤਰ ਜਾਰੀ ਆ.....

ਅੱਜ ਵੀ ਮੈਂ ਦੇਖਦਾਂ,,ਜਦੋਂ ਕੋਈ ਪਿਓ ਆਪਣੀ ਧੀ ਨੂੰ ਪੁੱਤ ਕਹਿ ਕੇ ਬਲਾਉਂਦਾ ਬੜਾ ਗੁੱਸਾ ਆਉਂਦਾ..... ਕਿਉਂਕੇ ਅੱਜ ਵੀ ਪੁੱਤ ਧੀ ਤੋਂ ਜ਼ਿਆਦਾ ਪਿਆਰਾ ਸਮਝਿਆ ਜਾਂਦਾ ਹੈ.... ਕਦੇ ਸੁਣਿਆ ਕਿਸੇ ਪਿਓ ਨੇ ਪੁੱਤ ਨੂੰ ਕਿਹਾ ਹੋਵੇ ਇਹ ਤਾਂ ਮੇਰੀ ਧੀ ਆ | ਧੀ ਨੂੰ ਪੁੱਤ ਕਹਿਣ ਦਾ ਮਤਲਬ ਸਾਡੇ ਚ ਹਲੇ ਵੀ ਪੁੱਤ ਦੀ ਲਾਲਸਾ ਬਾਕੀ ਆ |

ਇਹ ਕਹਾਣੀ ਇੱਕ ਅਜੇਹੀ ਹੀ ਕੁੜੀ 'ਨੈਨੀ' ਦੀ ਜੋ ਸ਼ਿਕਾਰ ਹੋ ਗਈ ਦੁਨੀਆਂ ਦੀਆਂ ਹਵਸ ਭਰੀਆਂ ਨਿਗ੍ਹਾਵਾਂ ਦਾ,, ਨਾ ਧੋ ਸਕੀ ਸਮਾਜ ਵੱਲੋਂ ਬੀਤੇ ਚ ਲੱਗੇ ਮੱਥੇ ਦੇ ਕਲੰਕ ..... ਤੇ ਇਨਸਾਫ਼ ਲਈ ਥਾਣੇ ਕਹਿਚੇਰੀਆਂ ਦੇ ਚੱਕਰ ਲਾਉਂਦਾ ਲਾਉਂਦਾ ਥੱਕ ਹਾਰ ਕੇ ਆਖਿਰ ਖੁਦਕੁਸ਼ੀ ਕਰ ਗਿਆ ਓਹਦਾ ਮਜਬੂਰ ਪਿਓ......

1.

ਪ੍ਰੇਮ ਚੰਦ ਰੇਲਵੇ ਚ ਗੱਡੀ ਦੀਆਂ ਲਾਈਨਾਂ ਦੇ ਨੱਟ ਵਗੈਰਾ ਕਸਣ ਦੀ ਡਿਊਟੀ ਕਰਦਾ ਸੀ | ਰੇਲਵੇ ਦੇ ਸਰਕਾਰੀ ਕੁਆਟਰਾਂ ਚ ਹੀ ਰਹਿਆਸ਼ ਸੀ ਓਹਦੀ...

ਪ੍ਰੇਮ ਚੰਦ ਤੇ ਸੀਤਾ ਦੇਵੀ ਦੋਨੋਂ ਹੀ ਇੱਕ ਦੂਜੇ ਦੀ ਪੂਰੀ ਦੁਨੀਆਂ ਸਨ | ਡਾਕਟਰਾਂ ਨੇ ਕਿਹਾ ਹੋਇਆ ਸੀ ਕੇ ਸੀਤਾ ਕਦੇ ਮਾਂ ਨੇ ਬਣ ਸਕਦੀ | ਪਰ ਫ਼ੇਰ ਵੀ ਬਹੁਤ ਖੁਸ਼ ਸਨ ਉਹ ਦੋਨੋਂ..... ਕਿਉਂਕੇ ਖੁਸ਼ੀਆਂ ਕਦੇ ਵੀ ਪੈਸੇ ਨਾਲ ਨੀਂ ਖਰੀਦੀਆਂ ਜਾਂਦੀਆਂ....... ਸੀਤਾ ਦੇਵੀ ਨੇ ਕਿੰਨੇ ਵਾਰ ਪ੍ਰੇਮ ਚੰਦ ਨੂੰ ਦੂਜਾ ਵਿਆਹ ਕਰਾਉਣ ਲਈ ਕਿਹਾ ਸੀ ਪਰ ਉਹ ਮੰਨਦਾ ਨਹੀਂ ਸੀ......

ਸ਼ਾਇਦ ਰੱਬ ਨੂੰ ਕੁੱਝ ਹੋਰ ਹੀ ਮਨਜ਼ੂਰ ਹੋਵੇ......

**

ਕੋਠੇ ਦੀ ਇੱਕ ਵੇਸ਼ਵਾ ਰੁਕਸਾਨਾ ਬੇਗ਼ਮ ਕਿਸੇ ਗਾਹਕ ਵੱਲੋਂ ਗਰਭਵਤੀ ਹੋ ਗਈ ਸੀ |ਉਹ ਇਸ ਬੱਚੇ ਨੂੰ ਗਿਰਾਉਣਾ ਨਹੀਂ ਸੀ ਚਾਹੁੰਦੀ..... ਓਹਦੇ ਕੋਲ ਸਿਰਫ਼ ਜਿਸਮ ਦਾ ਮਾਸ ਨੋਚਣ ਵਾਲੇ ਹੀ ਆਉਂਦੇ ਸਨ,, ਜਿਨ੍ਹਾਂ ਨਾਲ ਓਹਦਾ ਕੋਈ ਰਿਸ਼ਤਾ ਤਾਂ ਨਹੀਂ ਸੀ ਹੁੰਦਾ ਫ਼ੇਰ ਵੀ ਓਹਨੂੰ ਹੱਡ ਮਾਸ ਦਾ ਪੁਤਲਾ ਲੈ ਕੇ ਰੋਜ ਓਹਨਾਂ ਦੇ ਥੱਲੇ ਲੇਟਣਾ ਪੈਂਦਾ ਸੀ |

ਉਹ ਦਾ ਵੀ ਦਿਲ ਕਰਦਾ ਸੀ ਕੋਈ ਤਾਂ ਹੋਵੇ ਜੀਹਦੇ ਨਾਲ ਓਹਦਾ ਕੋਈ ਰਿਸ਼ਤਾ ਹੋਵੇ,,, ਜਿਹੜਾ ਓਹਨੂੰ ਆਪਣਾ ਕਵੇ... ਜਿਹਨੂੰ ਗਲ ਲਾਉਣ ਲੱਗਿਆਂ ਉਹ ਸਿਰਫ਼ ਹੱਡ ਮਾਸ ਦਾ ਪੁਤਲਾ ਨਾ ਹੋਵੇ..... ਉਹ ਜਿਆਉਂਦੀ ਜਾਗਦੀ ਮਮਤਾ ਚ ਭਿੱਜੀ ਪੂਰੀ ਔਰਤ ਹੋਵੇ ਇੱਕ ਮਾਂ ਹੋਵੇ....

ਪਰ ਕਈ ਵਾਰ ਜੋ ਇਨਸਾਨ ਸੋਚਦਾ ਉਹ ਕਦੇ ਹੁੰਦਾ ਨੀਂ ਆ.... ਕਿਉਂਕੇ ਉੱਪਰ ਬੈਠੀ ਵਿਹੋ ਮਾਤਾ ਨੇ  ਪਤਾ ਨੀਂ ਸਾਡੇ ਮੱਥੇ ਤੇ ਕੀ ਲਿਖ ਕੇ ਭੇਜਣਾ ਹੁੰਦਾ..... ਤੇ ਤਕਦੀਰ ਨੇ ਸਾਡੇ ਨਾਲ ਕਿੰਝ ਦੀ ਲੁਕਣ ਮੀਚੀ ਖੇਡਣੀ ਹੁੰਦੀ ਆ ਜਿਸਦਾ ਜਵਾਬ ਆਉਣ ਵਾਲੇ ਸਮੇਂ ਦੀ ਬੁੱਕਲ ਚ ਲੁਕਿਆ ਹੁੰਦਾ

## ਭਾਗ -2

ਰੁਕਸਾਨਾ ਦੀ ਕੁੱਖੋਂ ਇੱਕ ਬੜੀ ਪਿਆਰੀ ਬੱਚੀ ਨੇ ਜਨਮ ਲਿਆ ਬਾਹਲੀ ਸੋਹਣੀ ਕਿਸੇ ਖਿਡੌਣੇ ਵਰਗੀ.....

ਬੱਚੀ ਓਹਨੇ ਕੋਨੇ ਚ ਪਏ ਮੰਜੇ ਨਾਲ ਚੁੰਨੀ ਬੰਨ ਕੇ ਪੀਘਾਂ ਜੇਹਾ ਬਣਾ ਕੇ ਪਾਈ ਹੋਈ ਸੀ .....

ਆਪ ਅੱਖਾਂ ਚ ਪਾਣੀ ਭਰੀ ਕਿਸੇ ਗਾਹਕ ਦੀ ਕਾਮ ਵਾਸ਼ਨਾ ਦੀ ਅੱਗ ਬੁਝਾ ਰਹੀ ਸੀ| ਬੱਚੀ ਰੋ ਰਹੀ ਸੀ... ਤੇ ਰੁਕਸਾਨਾ ਸੋਚ ਰਹੀ ਸੀ ਕਦੋਂ ਓਹਦੀ ਇਸ ਹੈਵਾਨ ਤੋਂ ਜਾਨ ਛੁਟੇ ਤੇ ਉਹ ਆਪਣੀ ਰੋ ਰਹੀ ਬੱਚੀ ਨੂੰ ਦੁੱਧ ਪਿਆ ਸਕੇ |

ਗਾਹਕ ਭੜਕ ਗਿਆ ਸੀ.... ਏਹਨੂੰ ਚੁੱਪ ਕਰਾ ਆਵਦੀ ਕੁੱਝ ਲੱਗਦੀ ਨੂੰ ਕਿਵੇਂ ਸਾਲੀ ਟੈਂ ਟੈਂ ਰੋਣ ਲੱਗੀ ਆ ... ਸਾਰਾ ਮਜ਼ਾ ਖਰਾਬ ਕਰੀ ਜਾਂਦੀ ਆ...!ਚੱਲ ਹੁਣੇ ਤੋਂ ਸਿੱਖ ਲਊ ਏਹਨੇ ਵੀ ਤੇਰੇ ਵਾਂਗੂ ਆਹ ਹੀ ਕੁਸ਼ ਕਰਨਾ ਤੇ ਮੁਸਕੜੀ ਹੱਸ ਪਿਆ|

ਰੁਕਸਾਨਾ ਨੂੰ ਲੱਗਾ ਜਿਵੇਂ ਕਿਸੇ ਨੇ ਰੁਗ ਭਰ ਕੇ ਓਹਦਾ ਕਾਲਜਾ ਕੱਢ ਲਿਆ ਹੋਵੇ

ਉਹ ਕੁੱਝ ਬੋਲ ਤਾਂ ਨਾ ਸਕੀ,,ਪਰ ਓਹਦੇ ਹੰਝੂ ਅੱਖਾਂ ਦੀਆਂ ਕੋਰਾਂ ਚੋਂ ਵਗ ਕੇ ਓਹਦੇ ਕੰਨਾਂ ਤੱਕ ਪਹੁੰਚ ਚੁੱਕੇ ਸਨ |ਬੱਸ ਉਹ ਇੱਕ ਮਰੀ ਨਹੀਂ ਸੀ ਉਂਝ ਓਹਦਾ ਸਾਹ ਸੱਤ ਚੂਸਿਆ ਗਿਆ ਸੀ |

ਗਾਹਕ ਤੋਂ ਵੇਹਲੇ ਹੁੰਦੇ ਹੀ ਓਹਨੇ ਆਪਣੀ ਬੱਚੀ ਨੂੰ ਘੁੱਟ ਕੇ ਸੀਨੇ ਨਾਲ ਲਾ ਲਿਆ ਤੇ ਰੋਣ ਲੱਗ ਪਈ |ਨਾ ਧੀਏ ਤੈਨੂੰ ਮੈਂ ਇਸ ਨਰਕ ਚ ਨੀਂ ਰਹਿਣ ਦੇਣਾ... ਰਾਤ ਨੂੰ ਓਹਨੇ ਆਪਣੀ ਬੱਚੀ ਨੂੰ ਚੁੱਕਿਆ ਤੇ ਓਥੋਂ ਭੱਜ ਪਈ.... ਕੁੱਝ ਓਸ ਕੋਠੇ ਦੇ ਦਲਾਲ ਓਹਨੂੰ ਫੜਨ ਭੱਜੇ..... ਜਦ ਰੁਕਸਾਨਾ ਗੱਡੀ ਦੀ ਲਾਈਨ ਪਾਰ ਕਰਨ ਲੱਗੀ.... ਤਾਂ ਪੂਰੀ ਤੇਜੀ ਨਾਲ ਆ ਰਹੀ ਰਾਜਧਾਨੀ ਐਕਸਪ੍ਰੈਸ ਨੇ ਓਹਨੂੰ ਐਸੀ ਟੱਕਰ ਮਾਰੀ ਕੇ ਉਹ ਗੱਡੀ ਦੇ ਲਾਈਨ ਦੇ ਪਰਲੇ ਪਾਸੇ ਵੱਟਿਆਂ ਤੇ ਜਾ ਵੱਜੀ... ਓਹਦੇ ਮੂੰਹ ਚੋਂ ਖੂਨ ਨਿਕਲ ਆਇਆ... ਤੇ ਸਰੀਰ ਦਾ ਇੱਕ ਪਾਸਾ ਰੇਲ ਦੀ ਟੱਕਰ ਨਾਲ ਚੀਥੜੇ ਹੋ ਗਿਆ |

ਕਹਿੰਦੇ ਹੁੰਦੇ ਆ ਜਿਹਨੂੰ ਰੱਬ ਰੱਖੇ ਓਹਨੂੰ ਕੌਣ ਮਾਰ ਸਕਦਾ... ਓਹਦੀ ਬੱਚੀ ਦੇ ਖਰੋਚ ਵੀ ਨਾ ਆਈ... ਓਹਨੇ ਬੱਚੀ ਨੂੰ ਚੁੱਕ ਕੇ ਉੱਠਣ ਦੀ ਕੋਸ਼ਿਸ਼ ਕੀਤੀ ਪਰ ਫ਼ੇਰ ਡਿੱਗ ਪਈ... ਓਹਦੇ ਪਿੱਛੇ ਓਹਨੂੰ ਫੜਨ ਆਉਂਦੇ ਦਲਾਲ ਡਰ ਕੇ ਪਿੱਛੇ ਭੱਜ ਗਏ..|

ਪ੍ਰੇਮ ਚੰਦ ਆਪਣੇ ਕਿਸੇ ਹੋਰ ਕਰਮਚਾਰੀ ਬਾਬੂ ਰਾਮ ਨਾਲ ਹੱਥ ਚ ਵੱਡੀਆਂ ਵੱਡੀਆਂ ਚਾਬੀਆਂ ਚੱਕੀ ਗੱਡੀ ਦੇ ਲਾਈਨ ਦੇ ਨੱਟ ਬੋਲਟ ਟਾਈਟ ਕਰਦਾ ਆ ਰਿਹਾ ਸੀ...

ਜਦੋਂ ਓਹਨੇ ਬੱਚੀ ਦੇ ਰੋਣ ਦੀ ਆਵਾਜ਼ ਸੁਣੀ ਭੱਜ ਕੇ ਉਧਰ ਚਲਾ ਗਿਆ..... ਰੁਕਸਾਨਾ ਆਖਰੀ ਸਾਹਾਂ ਤੇ ਪਈ ਸਹਿਕ ਰਹੀ ਸੀ| ਪ੍ਰੇਮ ਚੰਦ ਨੇ ਬਾਬੂ ਰਾਮ ਤੋਂ ਲੈ ਕੇ ਓਹਨੂੰ ਪਾਣੀ ਪਿਆਉਣ ਦੀ ਕੋਸ਼ਿਸ਼ ਕੀਤੀ... ਪਰ ਰੁਕਸਾਨਾ ਨੂੰ ਅੱਥਰੂ ਆ ਗਿਆ ਪਾਣੀ ਦੇ ਨਾਲ ਨਾਲ ਖੂਨ ਦੀ ਪਿਚਕਾਰੀ ਪ੍ਰੇਮ ਚੰਦ ਦੇ ਕੱਪੜਿਆਂ ਤੇ ਜਾ ਵੱਜੀ...

ਉਹ ਲੜਖੜਾਉਂਦੀ ਆਵਾਜ਼ ਚ ਬੋਲੀ.... ਵੀ... ਰਾ.. ਇਹ ਮੇਰੀ ਧੀ... ਨੂੰ ਗ.... ਲ ਨਾਲ ਲਾ ਲਾ.... ਏਹਦਾ ਹੁਣ ਕੋ..... ਈ ਨੀਂ ਆ.. ਓਹਨੇ ਪ੍ਰੇਮ ਚੰਦ ਤੇ ਬਾਬੂ ਰਾਮ ਨੂੰ ਸਾਰੀ ਕਹਾਣੀ ਸੁਣਾ ਦਿੱਤੀ.... ਉਹ ਦੋਨੋ ਸੁਣ ਕੇ ਪੱਥਰ ਹੋ ਗਏ ਕਿਉਂਕੇ ਉਹ ਅੱਜ ਤੱਕ ਨਾ ਤਾਂ ਕਦੇ ਰੈੱਡ ਲਾਈਟ ਏਰੀਆ ਚ ਗਏ ਸਨ ਤੇ ਨਾ ਓਹਦੇ ਬਾਰੇ ਕਦੇ ਸੁਣਿਆ ਸੀ | ਉਹ ਸੋਚ

ਰਹੇ ਸੀ ਇਸ ਦੁਨੀਆਂ ਚ ਇੱਕ ਹੋਰ ਦੁਨੀਆਂ ਵੀ ਆ ਜਿਸ ਦੇ ਹਨੇਰੇ ਚ ਪਤਾ ਨੀ ਕਿੰਨੀਆਂ ਰੁਕਸਾਨਾ ਸੜ ਰਹੀਆਂ ਨੇ....

ਪ੍ਰੇਮ ਚੰਦ ਨੇ ਘੁੱਟ ਕੇ ਬੱਚੀ ਨੂੰ ਗਲ ਨਾਲ ਲਾ ਲਿਆ.... ਓਹਦੇ ਹੰਝੂ ਤਰਪੱਕ ਤਰਪੱਕ ਵਗ ਰਹੇ ਸਨ | ਰੁਕਸਾਨਾ ਦੇ ਚਿਹਰੇ ਤੇ ਮੁਸਕਾਨ ਆ ਗਈ ਉਹ ਬੋਲੀ ਜਾ ਧੀਏ ਨੀਂ ਤੇਰਾ ਅੱਲਾ ਵਾਰਿਸ ......

ਓਹਦੇ ਦੋਨਾਂ ਨੈਣਾਂ ਚੋਂ ਦੋ ਹੰਝੂ ਨਿਕਲੇ ਤੇ ਗੱਲ੍ਹਾਂ ਤੇ ਆ ਕੇ ਸੁੱਕ ਗਏ.... ਤੇ ਉਹ ਬਰਫ਼ ਵਾਂਗ ਠੰਡੀ ਹੋ ਗਈ.... ਪ੍ਰੇਮ ਚੰਦ ਨੇ ਬੱਚੀ ਨੂੰ ਗਲ ਲਾਇਆ ਤੇ ਘਰ ਵੱਲ ਤੁਰ ਪਿਆ...

ਸੀਤਾ ਦੇਵੀ ਪਹਿਲਾਂ ਤਾਂ ਪ੍ਰੇਮ ਚੰਦ ਦੀ ਕਮੀਜ਼ ਤੇ ਖ਼ੂਨ ਲੱਗਿਆ ਦੇਖ ਕੇ ਡਰ ਗਈ... ਪਰ ਜਦ ਓਹਨੂੰ ਪ੍ਰੇਮ ਚੰਦ ਨੇ ਸਾਰੀ ਗੱਲ ਦੱਸੀ ਓਹਦਾ ਮੂੰਹ ਅੱਡਿਆ ਰਹਿ ਗਿਆ... ਉਹ ਪੱਥਰ ਦਾ ਬੁੱਤ ਬਣੀ ਖੜੀ ਸੀ |

ਬੱਚੀ ਦੀਆਂ ਅੱਖਾਂ ਬਹੁਤ ਪਿਆਰੀਆਂ ਸਨ ਮੋਟੀਆਂ ਮੋਟੀਆਂ ਰੁਕਸਾਨਾ ਵਰਗੀਆਂ..... ਇਸ ਲਈ ਓਹਨਾਂ ਨੇ ਇਸ ਬੱਚੀ ਦਾ ਨਾਮ ਨੈਣੀ ਰੱਖ ਦਿੱਤਾ |

ਅਗਲੀ ਸਵੇਰ ਸਹਾਰਾ ਵੈੱਲਫੇਅਰ ਵਾਲਿਆਂ ਦੀ ਗੱਡੀ ਆਈ ਲਵਾਰਸ ਲਾਸ਼ਾਂ ਦਾ ਸਸਕਾਰ ਕਰਨ ਵਾਲੀ,,,, ਓਹਨਾਂ ਰੁਕਸਾਨਾ ਦੀ ਚੀਥੜੇ ਹੋਈ ਲਾਸ਼ ਚੁੱਕੀ ਤੇ ਸ਼ਮਸ਼ਾਨਘਾਟ ਲਿਜਾ ਕੇ ਅੱਗ ਲਾ ਦਿੱਤੀ |

ਕਿੰਨੇ ਹੀ ਲੋਕਾਂ ਦੀ ਹੋ ਕੇ ਰਹਿ ਚੁਕੀ ਰੁਕਸਾਨਾ ਅੱਜ ਲਵਾਰਸ ਹੋਕੇ ਅੱਗ ਚ ਸੜ ਰਹੀ ਸੀ |

## ਭਾਗ -3

ਕੁੱਝ ਦਿਨ ਬਾਅਦ ਪ੍ਰੇਮ ਚੰਦ ਦੀ ਬਦਲੀ ਕਿਸੇ ਦੂਸਰੇ ਰੇਲਵੇ ਸਟੇਸ਼ਨ ਤੇ ਹੋ ਗਈ | ਏਥੇ ਕੋਈ ਨੈਣੀ ਦਾ ਪਿਛੋਕੜ ਨਹੀਂ ਸੀ ਜਾਣਦਾ ਸਿਵਾਏ ਸੀਤਾ ਦੇਵੀ ਤੋਂ.....

ਨਵਾਂ ਸ਼ਹਿਰ ਨਵੇਂ ਲੋਕ.... ਓਹਨਾਂ ਸਭ ਲਈ ਤਾਂ ਨੈਣੀ ਪ੍ਰੇਮ ਚੰਦ ਦੀ ਹੀ ਧੀ ਸੀ | ਅਗਰ ਹੋਰ ਕੋਈ ਨੈਣੀ ਦਾ ਪਿਛੋਕੜ ਜਾਣਦਾ ਸੀ ਉਹ ਸੀ ਬਾਬੂ ਰਾਮ ਪਰ ਉਹ ਤਾਂ ਓਥੇ ਰਹਿ ਗਿਆ ਸੀ ਜਿੱਥੇ ਪ੍ਰੇਮ ਚੰਦ ਪਹਿਲਾਂ ਡਿਊਟੀ ਕਰਦਾ ਸੀ |

ਸੀਤਾ ਦੇਵੀ ਬਾਹਲਾ ਹੀ ਮੋਹ ਕਰਦੀ ਨੈਣੀ ਦਾ.. ਸ਼ਇਦ ਉਹ ਅਲੋਦ ਪੈਦਾ ਨਹੀਂ ਸੀ ਕਰ ਸਕਦੀ ਇਸ ਕਰਕੇ |

ਹੋਲੀ ਹੋਲੀ ਨੈਣੀ ਨੇ ਰੇਲਵੇ ਕਲੋਨੀ ਚ ਬਣੇ ਸਕੂਲ ਚ ਪੜ੍ਹਨ ਜਾਣਾ ਸ਼ੁਰੂ ਕਰ ਦਿੱਤਾ.....!

ਜਦੋਂ ਨੈਣੀ ਕੰਮ ਤੋਂ ਥੱਕੇ ਆਏ ਪ੍ਰੇਮ ਚੰਦ ਦੀਆਂ ਲੱਤਾਂ ਨਾਲ ਚਿੰਬੜ ਦੀ ਤਾਂ ਓਹਦਾ ਸਾਰਾ ਥਾਕੇਵਾਂ ਲਹਿ ਜਾਂਦਾ |

ਉਹ ਦੋਨੋਂ ਤਾਂ ਨੈਣੀ ਵਿੱਚ ਦੀ ਸਾਹ ਲੈਂਦੇ ਸਨ |

ਨੈਣੀ ਨੇ ਸੀਤਾ ਦੇਵੀ ਨੂੰ ਆਯੀ ਤੇ ਪ੍ਰੇਮ ਚੰਦ ਨੂੰ ਬਾਅਬਾ ਕਹਿਣਾ ਸ਼ੁਰੂ ਕਰ ਦਿੱਤਾ ਸੀ| ਹੋਲੀ ਹੋਲੀ ਨੈਣੀ ਜਵਾਨ ਹੁੰਦੀ ਗਈ ਤੇ ਓਹਦਾ ਰੂਪ ਹੋਰ ਨਿੱਖਰ ਦਾ ਗਿਆ...|

ਓਹਦੇ ਨੈਣ ਨਕਸ਼ ਬਿਲਕੁਲ ਰੁਕਸਾਨਾ ਬੇਗ਼ਮ ਤੇ ਗਏ ਸਨ | ਪਤਲੇ ਗੁਲਾਬੀ ਬੁੱਲ੍ਹ, ਤਿੱਖਾ ਨੱਕ, ਗੋਰੀਆਂ ਲਾਲ ਗੱਲ੍ਹਾਂ ਤੇ ਸੱਜੀ ਗੱਲ੍ਹ ਤੇ ਕਾਲਾ ਤਿਲ,, ਜਿਹੜਾ ਸ਼ਾਇਦ ਰੱਬ ਨੇ ਓਹਨੂੰ ਨਜ਼ਰੋਂ ਬਚਾਉਣ ਲਈ ਓਹਦੀ ਗੱਲ੍ਹ ਤੇ ਲਾਇਆ ਹੋਵੇ | ਮੋਟੀਆਂ ਮੋਟੀਆਂ ਸ਼ਾਹ ਕਾਲੀਆਂ ਅੱਖਾਂ ਵਿੱਚ ਬੰਨ ਕੇ ਪਈ ਸੁਰਮੇ ਦੀ ਧਾਰੀ...| ਇੱਕ ਵਾਰ ਤਾਂ ਦੇਖਣ ਵਾਲੇ ਦੀ ਜਾਨ ਕੱਢ ਲੈਂਦੀ ਸੀ |

ਕਿੰਨੇ ਹੀ ਰੇਲਵੇ ਕਲੋਨੀ ਦੇ ਮੁੰਡੇ ਓਹਦੇ ਪਿੱਛੇ ਰੋਜ਼ ਆਪਸ ਚ ਲੜਦੇ ਸਨ | ਪਰ ਉਹ ਕਿਸੇ ਦੀ ਪ੍ਰਵਾਹ ਨਹੀਂ ਸੀ ਕਰਦੀ | ਓਹਨੇ ਸਕੂਲ ਦੀ ਪੜ੍ਹਾਈ ਪੂਰੀ ਕਰਕੇ ਕਾਲਜ ਜਾਣਾ ਸ਼ੁਰੂ ਕਰ ਦਿੱਤਾ | ਇੱਕ ਦਿਨ ਜਦ ਉਹ ਕਾਲਜ ਤੋਂ ਆ ਰਹੀ ਸੀ ਤਾਂ ਬੱਸ ਚ ਬਹੁਤ ਭੀੜ ਸੀ ਪਿੱਛੇ ਖੜ੍ਹੇ ਮੁੰਡੇ ਬ੍ਰੇਕ ਲੱਗਣ ਦੇ ਬਹਾਨੇ ਜਾਣ ਜਾਣ ਕੇ ਨੈਣੀ ਚ ਵੱਜ ਰਹੇ ਸਨ | ਇੱਕ ਮੁੰਡੇ ਨੇ ਤਾਂ ਨੈਣੀ ਦੀ ਵੱਖੀ ਚ ਚੂੰਡੀ ਵੱਢ ਦਿੱਤੀ ਸੀ,,, ਓਹਨੇ ਐਨੇ ਜ਼ੋਰ ਨਾਲ ਚੂੰਡੀ

ਵੱਢੀ ਕੇ ਨੈਣੀ ਦੀਆਂ ਅੱਖਾਂ ਚ ਪਾਣੀ ਆ ਗਿਆ ਸੀ ਦਰਦ ਨਾਲ.. ਪਰ ਉਹ ਓਸੇ ਤਰ੍ਹਾਂ ਨੈਣੀ ਨੂੰ ਤੰਗ ਕਰੀ ਜਾ ਰਹੇ ਸਨ | ਸੀਟ ਤੇ ਬੈਠਾ ਇੱਕ ਲੜਕਾ ਸਭ ਦੇਖ ਰਿਹਾ ਸੀ | ਓਹਦੇ ਤੋਂ ਭਰੀ ਬਸ ਚ ਹੁੰਦਾ ਕਿਸੇ ਕੁੜੀ ਦਾ ਚੀਰਹਰਣ ਦੇਖਿਆ ਨਾ ਗਿਆ...... ਅੱਜ ਨਿਪੁੰਸਕ ਜੋਧਿਆਂ ਨਾਲ ਭਰੀ ਬੱਸ

ਨਿਪੁੰਸਕ ਜੋਧਿਆਂ ਨਾਲ ਭਰੀ ਸਭਾ ਚ ਦਰੋਪਦੀ ਵਾਂਗ ਇੱਜਤ ਲੁੱਟੀ ਜਾ ਰਹੀ ਸੀ |

ਉਹ ਲੜਕਾ ਆਪਣੀ ਸੀਟ ਤੋਂ ਉੱਠਿਆ ਤੇ ਨੈਣੀ ਨੂੰ ਕਹਿੰਦਾ ਤੁਸੀਂ ਮੇਰੀ ਸੀਟ ਤੇ ਬੈਠ ਜਾਓ ਮੇਰਾ ਸਟੋਪ ਆ ਗਿਆ ਏ...... ਉਤਰਨਾ ਤਾਂ ਓਹਨੇ ਨੈਣੀ ਦੇ ਸਟੋਪ ਤੋਂ ਵੀ ਬਾਅਦ ਸੀ ਪਰ ਜਾਣ ਬੁੱਝ ਕੇ ਝੂਠ ਬੋਲ ਦਿੱਤਾ ਤਾਂ ਕੇ ਨੈਣੀ ਮਨਾਂ ਨਾ ਕਰ ਦੇਵੇ.......

ਨੈਣੀ ਨੇ ਸੀਟ ਤੇ ਬੈਠ ਕੇ ਸੁੱਖ ਦਾ ਸਾਹ ਲਿਆ ਤੇ ਓਹਨੇ ਰੁਮਾਲ ਨਾਲ ਅੱਖਾਂ ਚੋਂ ਵਗਦੇ ਹੰਝੂ ਪੂੰਝੇ ਤੇ ਇੱਕ ਤੈਰਵੀਂ ਜਹੀ ਨਿਗ੍ਹਾ ਸੀਟ ਛੱਡ ਕੇ ਉਠੇ ਲੜਕੇ ਤੇ ਮਾਰੀ ਜੋ ਭੀੜ ਚ ਬੱਸ ਦੀ ਛੱਤ ਥੱਲੇ ਲੱਗੇ ਡੰਡੇ ਨੂੰ ਹੱਥ ਪਾ ਕੇ ਖੜਾ ਸੀ

ਨੈਣੀ ਨੇ ਅੱਖਾਂ ਮੀਚ ਕੇ ਸਿਰ ਨਿਵਾ ਕੇ ਓਹਦਾ ਧੰਨਵਾਦ ਕੀਤਾ... ਉਹ ਲੜਕਾ ਹਲਕੀ ਜਹੀ ਸਮਾਈਲ ਦੇਕੇ ਸ਼ੀਸੇ ਚੋਂ ਬਾਹਰ ਦੇਖਣ ਲੱਗ ਪਿਆ|

## ਭਾਗ -4

ਨੈਣੀ ਜਦ ਕਲਾਸ ਚੋਂ ਲੈਕਚਰ ਲਾ ਕੇ ਬਾਹਰ ਆਈ ਤਾਂ ਓਹਨੂੰ ਕੰਟੀਨ ਤੇ ਬੈਠਾ ਓਹੀ ਮੁੰਡਾ ਦਿਸਿਆ ਜਿਸ ਨੇ ਕੱਲ੍ਹ ਓਹਨੂੰ ਸੀਟ ਦੇ ਕੇ ਓਹਦੀ ਮੱਦਦ ਕੀਤੀ ਸੀ....

ਪਤਾ ਨੀ ਕਿਉਂ ਨੈਣੀ ਦੇ ਪੈਰ ਆਪਣੇ ਆਪ ਓਸ ਅਨਜ਼ਾਣ ਸ਼ਖਸ਼ ਵੱਲ ਖਿਚੇ ਜਾ ਰਹੇ ਸਨ ਜਿਸਨੂੰ ਓਹ ਜਾਣਦੀ ਤੱਕ ਨਹੀਂ ਸੀ.. ਪਰ ਕਹਿੰਦੇ ਆ ਨਾ ਕੇ ਇਨਸਾਨੀਅਤ ਦਾ ਰਿਸ਼ਤਾ ਤਾਂ ਵੱਡਾ ਹੁੰਦਾ ਕੁੱਖੋਂ ਜੰਮੇ ਰਿਸ਼ਤਿਆਂ ਨਾਲੋਂ ਵੀ ..... ਓਹਦੇ ਨਾਲ ਇਹੀ ਤਾਂ ਰਿਸ਼ਤਾ ਸੀ ਨੈਣੀ ਦਾ

..

ਬਹੁਤ ਬਹੁਤ ਮੇਹਰਬਾਨੀ ਜੀ ਤੁਸੀਂ ਕੱਲ੍ਹ ਮੇਰੀ ਹੈਲਪ ਕੀਤੀ....

ਕੋਈ ਗੱਲ ਨੀ ਜੀ ਓਹ ਤਾਂ ਮੇਰਾ ਫਰਜ਼ ਸੀ ਜੀ....

ਬਾਈ ਦਾ ਵੇ ਆਈ ਐੱਮ ਸ਼ੇਖਰ ਕਪੂਰ (by the way i m Shekhar Kapoor )

ਓਹ ਨਾਈਸ ਨੇਮ ਮਾਈ ਨੇਮ ਇਜ਼ ਨੈਣੀ (oh nice name my name is Neni)

ਨੈਣੀ ਵੱਟ ( Neni what )

ਜੀ ਮੈਂ ਸਮਝੀਂ ਨੀ.....?

ਮੇਰਾ ਮਤਲਬ ਨੈਣੀ ਤੋਂ ਬਾਅਦ ਕੀ ਲੱਗਦਾ ਜਿਵੇਂ ਮੇਰੇ ਪਿੱਛੇ ਕਪੂਰ ਲੱਗਦਾ ਮਤਲਬ ਤੁਹਾਡਾ ਸਰ ਨੇਮ....

ਬੱਸ ਕੱਲਾ ਨੈਣੀ ਹੀ ਆ ਜੀ.... ਸਾਰੇ ਨੈਣੀ ਹੀ ਕਹਿੰਦੇ ਆ ਬਾਅਬਾ ਵੀ ਤੇ ਆਯੀ ਵੀ....

ਠੀਕ ਆ ਜੀ ਹੋਰ ਦੱਸੋ ਕੀ ਲਓ ਗੇ....?

ਕੁੱਝ ਨੀ ਜੀ ਬੱਸ ਤੁਹਾਡਾ ਧੰਨਵਾਦ ਕਰਨ ਆਈ ਸੀ....

ਤੁਸੀਂ ਏਸੇ ਕਾਲਜ਼ ਚ ਪੜ੍ਹਦੇ ਹੋ ਮੈਂ ਅੱਜ ਦੇਖਿਆ ਤੁਹਾਨੂੰ...

ਹਾਂ ਜੀ ਏਥੇ ਹੀ ਪੜ੍ਹਦਾ,ਬੀ. ਏ. ਸੈਕੰਡ ਯੀਅਰ ਚ ਤੇ ਪਾਰਟ ਟਾਈਮ ਕੱਪੜੇ ਦੀ ਦੁਕਾਨ ਤੇ ਜੌਬ ਕਰਦਾਂ...ਇਸ ਲਈ ਕਾਲਜ਼ ਖ਼ਤਮ ਕਰਕੇ ਸਿੱਧਾ ਨਿਕਲ ਜਾਂਨਾ ਫਾਲਤੂ ਰੁਕਦਾ ਨੀ ਮੈਂ ਕਾਲਜ਼....

ਇਹ ਤਾਂ ਵਧੀਆ ਗੱਲ ਆ ਜੀ ਤੁਸੀਂ ਆਪਣੇ ਪੈਰਾਂ ਤੇ ਖੁਦ ਖੜ੍ਹੇ ਹੋ ਤੇ ਤੁਹਾਡੇ ਮਾਤਾ ਪਿਤਾ ਕੀ ਕਰਦੇ ਨੇ?

ਓਹ ਤਾਂ ਜੀ ਮੇਰੇ ਬਚਪਨ ਵਿੱਚ ਹੀ ਛੱਡ ਗਏ ਸੀ ਇਸ ਦੁਨੀਆਂ ਨੂੰ ਤੇ ਮੈਂ ਆਪਣੀ ਭੂਆ ਕੋਲ ਰਹਿਨਾ ਏਥੇ ਟਨਕਪੁਰ ਹੀ ਉਂਝ ਪਿੱਛੋਂ ਮੈਂ ਸਹਾਰਨਪੁਰ ਤੋਂ ਆਂ....

ਅੱਛਾ ਜੀ ਬਹੁਤ ਦੁੱਖ ਹੋਇਆ ਸੁਣ ਕੇ... ਮੇਰੇ ਬਾਅਬਾ ਰੇਲਵੇ ਚ ਨੌਕਰੀ ਕਰਦੇ ਏਥੇ ਹੀ ਟਨਕਪੁਰ ਤੇ ਆਯੀ ਘਰ ਦਾ ਕੰਮ ਕਾਰ ...

ਓਹ ਇੱਕ ਦੂਜੇ ਨੂੰ ਸਮਾਈਲ ਦਿੰਦੇ ਵੱਖ ਹੋ ਗਏ ਓਸ ਤੋਂ ਬਾਅਦ ਤਾਂ ਓਹਨਾਂ ਦੀਆਂ ਮੁਲਾਕਾਤਾਂ ਦਾ ਜਿਵੇਂ ਹੜ ਹੀ ਆ ਗਿਆ ਹੋਵੇ.... ਇੱਕ ਦਿਨ ਵੀ ਇੱਕ ਦੂਜੇ ਨੂੰ ਵੇਖੇ ਬਿਨ੍ਹਾਂ ਨਾ ਗੁਜਰਦਾ....

ਤੇ ਪ੍ਰੇਮਚੰਦ ਤੇ ਸੀਤਾ ਦੇਵੀ ਤਾਂ ਨੈਣੀ ਦੀ ਜਿੰਦ ਜਾਨ ਸੀ... ਓਧਰ ਜਵਾਨ ਹੁੰਦੀ ਧੀ ਨੇ ਇੱਕ ਫਿਕਰ ਪਾ ਦਿੱਤਾ ਸੀ ਮਾਂ ਪਿਓ ਨੂੰ.....

ਸੀਤਾ ਦੇਵੀ ਰੋਜ ਪ੍ਰੇਮ ਚੰਦ ਨੂੰ ਕਹਿੰਦੀ ਕੁੜੀ ਜਵਾਨ ਆ ਕੋਈ ਮੁੰਡਾ ਲੱਭੋ... ਇਸ ਤੋਂ ਪਹਿਲਾਂ ਕੋਈ ਉੱਨੀ ਇੱਕੀ ਹੋਵੇ... ਕੁੜੀ ਦੇ ਹੱਥ ਪੀਲੇ ਕਰ ਦੇਈਏ...

ਪਰ ਚੰਗੇ ਮੁੰਡੇ ਕਿਤੇ ਧਰੇ ਪਏ....ਭਾਗਵਾਨੇ

ਬਿਨ੍ਹਾਂ ਮਾਂ ਬਾਪ ਦੀ ਬੱਚੀ ਆ ਐਂ ਕਿਵੇਂ ਬਿਨ੍ਹਾਂ ਸੋਚੇ ਸਮਝੇ ਤੋਰ ਦੇਈਏ ਕਿਸੇ ਨਾਲ...

ਪਰ ਕਹਿੰਦੇ ਆ ਇਸ਼ਕ ਤੇ ਮੁਸ਼ਕ ਵੀ ਕਦੇ ਗੁੱਝੇ ਰਹੇ ਆ ਭਲਾਂ .. ਨੈਣੀ ਦੇ ਇਸ਼ਕ ਦਾ ਘਰ ਵੀ ਪਤਾ ਲੱਗ ਗਿਆ ਸੀ ..

ਕੱਲੀ ਕੱਲੀ ਬਿਨ ਮਾਂ ਬਾਪ ਦੀ ਬੱਚੀ ਅੱਗੇ ਪਾਲਣ ਵਾਲਾ ਪਿਓ ਹਾਰ ਗਿਆ....

ਪ੍ਰੇਮ ਚੰਦ ਨੇ ਨੈਣੀ ਦੀ ਪੜ੍ਹਾਈ ਖ਼ਤਮ ਹੁੰਦਿਆਂ ਹੀ ਸ਼ੇਖਰ ਦੀ ਭੂਆ ਨਾਲ ਗੱਲ ਕਰਕੇ ਦੋਵਾਂ ਦਾ ਰਿਸ਼ਤਾ ਪੱਕਾ ਕਰਤਾ.....

ਦੋਵਾਂ ਦਾ ਵਿਆਹ ਹੋ ਗਿਆ ਦੋਨੋਂ ਬਹੁਤ ਖੁਸ਼ ਸਨ....

ਕਿਉਂਕੇ ਅੱਜ ਤੱਕ ਪਿਓ ਧੀ ਦੀ ਹਰ ਖ਼ਵਾਇਸ਼ ਪੂਰੀ ਕਰਦੇ ਆਏ ਹਨ,,, ਪਰ ਵਿਆਹ ਵੇਲੇ ਓਸ ਤੋਂ ਪੁੱਛਿਆ ਵੀ ਨੀ ਜਾਂਦਾ | ਬਸ ਪੱਲਾ ਫੜਾ ਕੇ ਤੋਰ ਦਿੱਤਾ ਜਾਂਦਾ ਹੈ ਕਿਸੇ ਐਸੇ ਇਨਸਾਨ ਨਾਲ ਜਿਸਨੂੰ ਓਹ ਜਾਣਦੀ ਵੀ ਨੀ ਹੁੰਦੀ,,,ਕਿਸੇ ਮੱਝ ਗਾਂ ਵਾਂਗ ਜਿਵੇਂ ਵੇਚਣ ਵੇਲੇ ਆਪਾਂ ਸੰਗਲ ਕਿਸੇ ਦੇ ਹੱਥ ਫੜਾ ਦਿੰਨੇ ਹਾਂ...ਭਾਈ ਲੈ ਜਾਓ ਅੱਜ ਤੋਂ ਤੁਹਾਡੀ ਹੋਈ.....

ਪਰ ਨੈਣੀ ਨਾਲ ਇੰਝ ਨਹੀਂ ਸੀ ਹੋਇਆ,,, ਓਹਨੂੰ ਓਹੀ ਮਿਲਿਆ ਸੀ ਜੋ ਓਹ ਚਾਹੁੰਦੀ ਸੀ..

ਓਹ ਖੁਸ਼ੀ ਖੁਸ਼ੀ ਸਹੁਰੇ ਤਾਂ ਚਲੀ ਗਈ... ਪਰ ਆਉਣ ਵਾਲਾ ਵਖ਼ਤ ਬੜੇ ਵੱਡੇ ਤੂਫ਼ਾਨ ਨੂੰ ਪਾਲ ਰਿਹਾ ਸੀ ਆਪਣੀ ਕੁੱਖ ਚ..... ਜਿਸਨੇ ਐਸੇ ਝੱਖੜ ਨੂੰ ਜਨਮ ਦੇਣਾ ਸੀ.... ਐਸਾ ਇੱਕ ਤੂਫ਼ਾਨ ਝੁੱਲਣਾ ਸੀ ਆਉਣ ਵਾਲੇ ਵਕ਼ਤ ਚ,ਜਿਸ ਨੇ ਨੈਣੀ ਨੂੰ ਜੜਾਂ ਤੋਂ ਪੱਟ ਦੇਣਾ ਸੀ ਕਿਸੇ ਸਿਉਂਕ ਖਾਦੇ ਰੁੱਖ ਵਾਂਗ..|

ਭਾਗ -5

ਨੈਣੀ ਦੀ ਜ਼ਿੰਦਗੀ ਬੜੀ ਖੁਸ਼ੀ ਚ ਗੁਜ਼ਰ ਰਹੀ ਸੀ,, ਓਹ ਸ਼ੇਖਰ ਨਾਲ ਉਸਦੀ ਭੂਆ ਦੇ ਘਰ ਹੀ ਰਹਿੰਦੀ ਸੀ...ਕਿਉਂਕੇ ਸ਼ੇਖਰ ਦੇ ਮਾਂ ਬਾਪ ਨਹੀਂ ਸਨ ਇਹ ਗੱਲ ਓਹ ਪਹਿਲਾਂ ਹੀ ਦੱਸ ਚੁੱਕਿਆ ਸੀ,,

ਭੂਆ ਦੇ ਵੀ ਕੋਈ ਬੇਟਾ ਨਹੀਂ ਸੀ ਸਿਰਫ਼ ਇੱਕ ਬੇਟੀ ਸੀ ਜੋ ਵਿਆਹੀ ਹੋਈ ਸੀ | ਇਸ ਲਈ ਸ਼ੇਖਰ ਹੀ ਓਹਦੇ ਲਈ ਬੇਟਾ ਸੀ...

ਨੈਣੀ ਦੇ ਵਿਆਹ ਨੂੰ ਚਾਰ ਮਹੀਨੇ ਗੁਜ਼ਰ ਚਲੇ ਸਨ..... ਹੁਣ ਤਾਂ ਉਸਨੂੰ ਪ੍ਰੈਗਨੈਂਟ ਹੋਇਆਂ ਦੂਜਾ ਮਹੀਨਾ ਲੱਗ ਚੁੱਕਾ ਸੀ...

ਸੀਤਾ ਦੇਵੀ ਤੇ ਪ੍ਰੇਮ ਚੰਦ ਜਾ ਕੇ ਓਹਦੀ ਗੋਦ ਭਰਾਈ ਦੀ ਰਸਮ ਕਰ ਆਏ ਸਨ...ਹਿੰਦੂ ਰੀਤੀ ਰਿਵਾਜ਼ਾਂ ਅਨੁਸਾਰ ਲਾਲੇਰ (ਪੱਕਾ ਨਾਰੀਅਲ) ਦੇ ਉੱਪਰ ਚੌਲ ਪਾ ਕੇ ਨਾਲ ਚਾਰ ਅਨਾਰ, ਕੇਲੇ ਤੇ ਕੁੱਝ ਮਿਠਾਈਆਂ ਕੇਲੇ ਦੇ ਪੱਤੇ ਤੇ ਰੱਖ ਕੇ ਨੈਣੀ ਦੀ ਝੋਲੀ ਚ ਰੱਖ ਆਏ ਸਨ...

ਨੈਣੀ ਦੇ ਹੱਥਾਂ ਤੇ ਸੂਹੀ ਮਹਿੰਦੀ ਲਗਾ ਕੇ ....ਮਹਿੰਦੀ ਦਾ ਗੂੜਾ ਰੰਗ ਦੇਖ ਕੇ ਭੂਆ ਬੋਲ ਰਹੀ ਸੀ,,,ਮੇਰੇ ਨਾਲ ਬਹੁਤ ਗੂੜਾ ਪਿਆਰ ਆ ਨੈਣੀ ਦਾ ਤਾਂ ਹੀ ਏਂਨੀ ਗੂੜੀ ਚੜੀ ਆ ਮਹਿੰਦੀ..

ਨੈਣੀ ਤੇ ਸ਼ੇਖਰ ਨੇ ਬੜੇ ਸੁਪਨੇ ਸਜਾ ਰੱਖੇ ਸਨ ਆਪਣੇ ਆਉਣ ਵਾਲੇ ਬੱਚੇ ਦੇ ਭਵਿੱਖ ਨੂੰ ਲੈ ਕੇ.... ਏਥੋਂ ਤੱਕ ਓਹਨਾਂ ਨੇ ਤਾਂ ਨਾਮ ਤੱਕ ਸੋਚ ਰੱਖਿਆ ਸੀ ਹੋਣ ਵਾਲੇ ਬੱਚੇ ਦਾ ...... ਪਰ ਇੱਕ ਤੂਫ਼ਾਨ ਜੋ ਆਉਣ ਵਾਲਾ ਸੀ ਓਹ ਨੈਣੀ ਦੀ ਜ਼ਿੰਦਗੀ ਦੇ ਬਹੁਤ ਨੇੜੇ ਆ ਚੁੱਕਿਆ ਸੀ |

ਫ਼ੇਰ ਅਚਾਨਕ ਇੱਕ ਦਿਨ ਭੂਆ ਦੀ ਬੇਟੀ ਤੇ ਜਵਾਈ ਤੇ ਨਾਲ ਓਹਦਾ (ਜਵਾਈ ਦਾ) ਪਿਓ ਮਿਲਣ ਆਏ.... ਰਸਮੀ ਗੱਲਾਂ ਬਾਤਾਂ ਤੋਂ ਪਤਾ ਲੱਗਾ ਕੇ ਭੂਆ ਦੇ ਜਵਾਈ ਦਾ ਪਿਓ ਵੀ ਨੈਣੀ ਦੇ ਬਾਆਬਾ ਵਾਂਗ ਰੇਲਵੇ ਚ ਨੌਕਰੀ ਕਰਦਾ ਸੀ ਤੇ ਨਾਮ ਸੀ ਬਾਬੂ ਰਾਮ........

ਬੈਠੇ ਬੈਠੇ ਏਦਾਂ ਹੀ ਓਹ ਵਿਆਹ ਵਾਲੀ ਐਲਬਮ ਦੇਖਣ ਲੱਗ ਗਏ...

ਪ੍ਰੇਮ ਚੰਦ ਦੀ ਫੋਟੋ ਦੇਖ ਕੇ ਬਾਬੂ ਰਾਮ ਬੋਲਿਆ ਆਹ ਤਾਂ ਪ੍ਰੇਮ ਚੰਦ ਆ.. ਬੇਟੀ ਤੇਰੇ ਕੀ ਲੱਗਦੇ ਨੇ ?

ਨੈਣੀ -ਜੀ ਮੇਰੇ ਪਿਤਾ ਜੀ ਨੇ.....

ਬਾਬੂ ਰਾਮ ਹੈਰਾਨ ਹੁੰਦਾ ਬੋਲਿਆ,, ਤੂੰ ਪ੍ਰੇਮ ਚੰਦ ਦੀ ਕੁੜੀ ਆ?

ਨੈਣੀ - ਜੀ ਹਾਂ

ਬਾਬੂ ਰਾਮ ਭੈਣ ਜੀ ਇੱਕ ਮਿੰਟ ਪਾਸੇ ਆ ਕੇ ਮੇਰੀ ਗੱਲ ਸੁਣਿਓ ਓਹ ਸ਼ੇਖਰ ਦੀ ਭੂਆ ਨੂੰ ਦੂਜੇ ਕਮਰੇ ਚ ਲੈ ਗਿਆ...

ਹਏ ਹਏ ਐਡਾ ਵੱਡਾ ਝੂਠ... ਏਡੀ ਗੱਲ ਦਾ ਲੁਕਾ ਰੱਖਿਆ ਸਾਥੋਂ...ਸ਼ੇਖਰ ਨੂੰ ਆਉਣ ਦੇ ਓਹਨੂੰ ਪੁੱਛੂ ? ਕੀ ਗੱਲ ਭੂਆ ਤੋਂ ਲੁਕਾ ਰੱਖਦਾਂ .... ਪਰ ਸ਼ੇਖਰ ਖੁਦ ਇਸ ਸੱਚ ਤੋਂ ਅਨਜ਼ਾਨ ਸੀ ਸ਼ੇਖਰ ਤਾਂ ਕੀ ਨੈਣੀ ਖੁਦ ਇਸ ਸੱਚ ਨੂੰ ਨਹੀਂ ਸੀ ਜਾਣਦੀ,,,

ਇੱਕ ਨਜ਼ਾਇਜ਼ ਉਤੋਂ ਕਿਸੇ ਮੁਸਲਮਾਨ ਦੀ ਕੁੱਖ ਚੋਂ ਜੰਮੀ.... ਹੇ ਰਾਮ ਹੇ ਰਾਮ....... ਐਡਾ ਪਾਪ ਮੇਰੇ ਘਰ ਚ,,ਮੇਰੇ ਹੀ ਪੁੱਤ ਦੀ ਜ਼ਿੰਦਗੀ ਖਰਾਬ ਕਰਨੀ ਸੀ ਏਸ ਹਰਾਮਣ ਨੇ.......ਮੇਰਾ ਸ਼ੇਖਰ ਤਾਂ ਭੋਲਾ ਸੀ,,,ਵੀਰ ਜੀ ਏਹਨੇ ਕੋਈ ਟੂਣਾ ਕੀਤਾ ਹੋਣਾ ਮਰਨ ਵਾਲੀ ਮਾਂ ਦੱਸ ਕੇ ਗਈ ਹੋਊਗੀ ਲੋਕਾਂ ਤੇ ਜਾਦੂ ਪਾਉਣੇ,,,

ਪਰ ਜਦੋਂ ਰੁਕਸਾਨਾ ਮਰੀ ਸੀ ਇਹ ਤਾਂ ਮਸਾਂ ਉਦੋਂ 2 ਕੁ ਮਹੀਨੇ ਦੀ ਸੀ.... ਓਹਨੇ ਕੀ ਸਿਖਾਉਣਾ ਭੈਣ ਜੀ

ਬਾਬੂ ਰਾਮ ਅੱਗ ਲਾ ਕੇ ਹੁਣ ਪਾਣੀ ਦੇ ਛਿੱਟੇ ਮਾਰਨ ਦੀ ਕੋਸ਼ਿਸ ਕਰ ਰਿਹਾ ਸੀ...

ਪਰ ਸੁਣਿਆ ਕਦੇ ਕੇ ਪਾਣੀ ਦੇ ਛਿੱਟਿਆਂ ਨਾਲ ਭਾਂਬੜ

ਬੁਝੇ ਹੋਣ..

ਨਹੀਂ ਵੀਰ ਇਹ ਨੱਚਣ ਵਾਲੀਆਂ ਤਾਂ ਢਿੱਡ ਚ ਹੀ ਸਾਰਾ ਕੁੱਝ ਸਿਖਾ ਦਿੰਦੀਆਂ.....

ਕੁੜਮ ਦੇ ਰਿਸ਼ਤੇ ਦੀ ਲਿਹਾਜ ਕਰਦੀ ਓਹ

'ਧੰਦੇ ਵਾਲੀਆਂ' ਦੀ ਜਗ੍ਹਾ 'ਨੱਚਣ ਵਾਲੀਆਂ' ਸ਼ਬਦ ਬੋਲ ਗਈ ਸੀ,,,,

ਪਤਾ ਨੀ ਹੋਰ ਕੀ ਟੂਣੇ ਸਿਖਾਏ ਹੋਣ....ਇਸ ਹਰਾਮਣ ਨੂੰ ਓਹਨੇ...

ਜਿਹੜੀ ਭੂਆ ਕੱਲ ਤੱਕ ਨੈਣੀ ਦਾ ਤਰੀਫਾਂ ਕਰਦੀ ਨੀ ਸੀ ਥੱਕਦੀ ਅੱਜ ਨੈਣੀ ਦੀ ਮਰੀ ਹੋਈ ਮਾਂ ਰੁਕਸਾਨਾ ਨੂੰ ਵੀ ਨਹੀਂ ਸੀ ਬਖ਼ਸ ਰਹੀ......

ਨੈਣੀ ਨੇ ਭੂਆ ਦਾ ਦਿਲ ਵੀ ਤਾਂ ਜਿੱਤਿਆ ਹੋਇਆ ਸੀ...

ਜਿਸ ਦਿਨ ਦੀ ਓਹ ਇਸ ਘਰ ਚ ਵਿਆਹ ਕੇ ਆਈ ਸੀ ਓਹ ਭੂਆ ਨੂੰ ਕਿਸੇ ਕੰਮ ਨੂੰ ਹੱਥ ਨਹੀਂ ਸੀ ਲਾਉਣ ਦਿੰਦੀ ਤੇ ਸੋਹਣੀ ਸੁਨੱਖੀ ਐਨੀ ਕੇ ਆਂਢ ਗੁਆਂਢ ਤਾਂ ਕੀ ਪੂਰੇ ਟਨਕਪੁਰ ਚ ਓਹਦੇ ਜਿੰਨੀ ਸੋਹਣੀ ਨੂੰਹ ਕਿਸੇ ਹੋਰ ਦੀ ਨਹੀਂ ਸੀ | ਓਹ ਘਰ ਦੀ ਪੂਰੀ ਮਾਣ ਮਰਯਾਦਾ ਦਾ ਖਿਆਲ ਰੱਖਦੀ ਆ ਰਹੀ ਸੀ... ਪਿਛਲੇ ਚਾਰ ਮਹੀਨੇ ਤੋਂ,, ਕਦੇ ਓਹ ਉੱਚੀ ਬੋਲੀ ਨਹੀਂ ਸੀ.....|

ਜਿਵੇਂ ਚਾਦਰ ਤੇ ਲੱਗਾ ਇੱਕ ਚਾਹ ਦਾ ਦਾਗ ਵੀ ਪੂਰੀ ਚਾਦਰ ਖਰਾਬ ਕਰ ਦਿੰਦਾ.... ਓਦਾਂ ਹੀ ਨੈਣੀ ਦੇ ਇੱਕ ਅਤੀਤ ਨੇ ਓਹਦੇ ਸਾਰੇ ਗੁਣ ਮਾਰ ਦਿੱਤੇ ਸਨ |

ਕਿਹਾ ਸੀ ਮੈਂ ਸ਼ੇਖਰ ਨੂੰ ਕੋਈ ਜਾਤ ਕੁੱਜਾਤ ਵੇਖ ਕੇ,ਵਿੱਚ ਵਿਚੋਲਾ ਪਾ ਕੇ ਕਿਸੇ ਉੱਚੇ ਘਰੋਂ ਰਿਸ਼ਤਾ ਲਵਾਂਗੇ,, ਪਰ ਓਹਨੂੰ ਅੱਗ ਲੱਗੀ ਸੀ ਲਵ ਮੈਰਿਜ ਦੀ.... ਆ ਜਾਣ ਦਿਓ ਵੀਰ ਜੀ ਓਹਨੂੰ ਵੀ ਓਹਦੇ ਨਾਲ ਵੀ ਕਰਦੀ ਆਂ ਗੱਲ.

ਬੇਸ਼ੱਕ ਭੂਆ ਦੀਆਂ ਅਵਾਜ਼ਾਂ ਬਾਹਰ ਸੁਣ ਰਹੀਆਂ ਸਨ....ਪਰ ਨੈਣੀ ਦਾ ਓਹਨਾਂ ਗੱਲਾਂ ਵੱਲ ਕੋਈ ਧਿਆਨ ਨਹੀਂ ਸੀ |

ਓਹ ਇਸ ਆਉਣ ਵਾਲੇ ਤੂਫ਼ਾਨ ਤੋਂ ਬੇਖ਼ਬਰ ਬੈਠੀ ਸੀ...ਸ਼ਾਇਦ ਓਹਨੂੰ ਇਸ ਆਉਣ ਵਾਲੇ ਤੂਫ਼ਾਨ ਦਾ ਕੋਈ ਅੰਦਾਜ਼ਾ ਨਹੀਂ ਸੀ.........

ਹਲੇ ਤਾਂ ਹਵਾ ਨੇ ਸਿਰਫ਼ ਪੱਤਿਆਂ ਨੂੰ ਹਲੂਣਾ ਹੀ ਦਿੱਤਾ ਸੀ.... ਤੂਫ਼ਾਨ ਤਾਂ ਹਲੇ ਆਉਣਾ ਸੀ....|

## ਭਾਗ -6

ਉਸ ਆਉਣ ਵਾਲੇ ਤੂਫ਼ਾਨ ਦਾ ਨਾਂ ਸੀ ਸ਼ੇਖਰ ਕਪੂਰ ਜਾਣੀ ਕੇ ਨੈਣੀ ਦਾ ਪਤੀ....

ਓਸ ਤੋਂ ਬਾਅਦ ਬਾਬੂ ਰਾਮ, ਓਹਦਾ ਬੇਟਾ ਤੇ ਸ਼ੇਖਰ ਦੀ ਭੂਆ ਦੀ ਬੇਟੀ ਤਾਂ ਜਾ ਚੁੱਕੇ ਸਨ....ਪਰ ਪਿੱਛੇ ਛੱਡਗੇ ਸਨ ਮਘਦੇ ਅੰਗਾਰੇ,,ਜਿੰਨ੍ਹਾਂ ਨੇ ਬਾਅਦ ਚ ਭਾਂਬੜ ਬਣਨਾ ਸੀ |

ਭੂਆ ਖੱਬੇ ਹੱਥ ਦੀ ਤਲੀ ਖੋਲ ਕੇ ਤੇ ਸੱਜੇ ਹੱਥ ਦੀ ਮੁੱਕੀ ਬਣਾ ਕੇ ਉਸ ਚ ਮਾਰਦੀ ਹੋਈ ਬਾਹਰ ਵਾਰਾਂਡੇ ਚ ਘੁੰਮ ਰਹੀ ਸੀ,,, ਅੱਖਾਂ ਓਹਦੀਆਂ ਲਾਲ ਹੋ ਰੱਖੀਆਂ ਸਨ ਤੇ ਓਹ ਉਡੀਕ ਕਰ ਰਹੀ ਚ.... ਸ਼ੇਖਰ ਦੇ ਆਉਣ ਦੀ ...

ਜਿਸਦੇ ਆਉਣ ਨਾਲ ਇਸ ਉੱਠੀ ਚਿੰਗਾਰੀ ਨੇ ਭਾਂਬੜ ਬਣ ਜਾਣਾ ਸੀ.... ਇਸ ਹਵਾ ਦੇ ਬੁੱਲ੍ਹੇ ਨੇ ਤੂਫ਼ਾਨ ਦਾ ਰੂਪ ਲੈ ਲੈਣਾ ਸੀ....

ਜਦ ਸ਼ੇਖਰ ਆਇਆ ਭੂਆ ਨੇ ਬੂਹੇ ਚ ਹੀ ਰੋਕ ਲਿਆ

ਵੇ ਦੱਸ ਕੀ ਕਮੀ ਸੀ ਮੇਰੇ ਪਿਆਰ ਚ ਜੋ ਤੂੰ ਮੈਥੋਂ ਓਹਲੇ ਰੱਖਣ ਲੱਗ ਗਿਆ.... ਵੀਰੇ ਦੇ ਮਰਨ ਮਗਰੋਂ ਤੈਨੂੰ ਏਹਨਾਂ ਹੱਥਾਂ ਨਾਲ ਪਾਲਿਆ... ਤਾਂ ਕੇ ਮੇਰੇ ਵੀਰੇ ਦੀ ਆਖਰੀ ਨਿਸ਼ਾਨੀ ਮੇਰੇ ਕੋਲ ਰਹੇ.... ਵੇ ਮੈਂ ਰੱਬ ਤੋਂ ਇਹੀ ਦੁਆ ਮੰਗਦੀ ਰਹੀ ਕੇ ਰੱਬਾ ਮੈਨੂੰ ਕਦੇ ਪੁੱਤ ਨਾ ਦੇਵੀਂ ਮਤਾ ਆਵਦਾ ਪੁੱਤ ਦੇਖ ਕੇ ਇਸ ਬਿਨ ਮਾਂ ਪਿਓ ਦੇ ਪੁੱਤ ਦੇ ਪਿਆਰ ਚ ਕੋਈ ਕਮੀ ਆ ਜਾਵੇ.... ਭੂਆ ਦਾ ਗੁੱਸਾ ਹੁਣ ਹੰਝੂਆਂ ਚ ਬਦਲ ਚੁੱਕਾ ਸੀ.....

ਸ਼ੇਖਰ --ਭੂਆ ਨੂੰ ਗਲ ਲਾਉਂਦਾ ਬੋਲਿਆ ਭੂਆ ਜੀ ਕੀ ਗੱਲ ਹੋਗੀ,,ਮੈਂ ਓਹਲਾ ਰੱਖੂ ! ਓਹ ਵੀ ਤੁਹਾਡੇ ਕੋਲੋਂ ਕੀ ਗੱਲ ਕਰ ਰਹੇ ਹੋ ਭੂਆ ਜੀ... ਮੈਨੂੰ ਕੁੱਝ ਸਮਝ ਨੀਂ ਆ ਰਿਹਾ....

ਇਹ ਤਾਂ ਤੂੰ ਮੁਸਲਮਾਨ ਕੁੜੀ ਨੂੰ ਘਰ ਲਿਆਉਣ ਤੋਂ ਪਹਿਲਾਂ ਸੋਚਣਾ ਸੀ... ਕੇ ਪੁੱਤ ਜਿੰਨ੍ਹੇ ਮਰਜੀ ਵੱਡੇ ਹੋ ਜਾਣ ਮਾਂ ਪਿਓ ਤੋਂ ਵੱਡੇ ਨੀਂ ਹੋ ਸਕਦੇ... ਤੈਨੂੰ ਕੀ ਲੱਗਿਆ ਸੀ ਭੂਆ ਨੂੰ ਕੁੱਝ ਪਤਾ ਨੀਂ ਲੱਗੂ ਗਾ.... ਵੇ ਤੈਨੂੰ ਬੇਸ਼ਕ ਜਨਮ ਨੀਂ ਦਿੱਤਾ ਪਰ ਹੱਥੀਂ ਜਵਾਨ ਕੀਤਾ.... ਤੇਰੀਆਂ ਸਾਰੀਆਂ ਗੁੱਝੀਆਂ ਰਮਜ਼ਾਂ ਸਮਝਦੀ ਆਂ ਮੈਂ....

ਕੌਣ ਮੁਸਲਮਾਨ ਕੁੜੀ ਭੂਆ ਜੀ ?

ਕੀ ਹੋ ਗਿਆ ਤੁਹਾਨੂੰ...

ਵੇ ਤੇਰੀ ਓਹ ਨੈਣੀ,,,,,,,

ਖਾ ਮੇਰੀ ਸੌਂਹ ਕੇ ਮੁਸਲਮਾਨ ਕੁੜੀ ਨਹੀਂ ਆ,, ਖਾ ਮੇਰੀ ਸੌਂਹ ਕੇ ਕਿਸੇ ਹਰਾਮ ਦੀ ਪਦਾਇਸ਼ ਨਹੀਂ ਆ?

ਇਹ ਸੁਣਕੇ ਜਿਵੇਂ ਸ਼ੇਖਰ ਦੇ ਪੈਰਾਂ ਥੱਲੋਂ ਜ਼ਮੀਨ ਹੀ ਨਿਕਲ ਗਈ ਹੋਵੇ.... ਓਹਦੇ ਮੱਥੇ ਦੀ ਪਸੀਨਾ ਆ ਗਿਆ..

ਵੇ ਹੁਣ ਚੁੱਪ ਕਿਉਂ ਹੋ ਗਿਆਂ ਕੇ ਜੀਭ ਠਾਕੀ ਗਈ ਤੇਰੀ..

ਸ਼ੇਖਰ ਨੇ ਗੁੱਸੇ ਨੈਣੀ ਨੂੰ ਆਵਾਜ਼ ਮਾਰੀ.....ਨੈਣੀ ਬਾਹਰ ਆ..

ਨੈਣੀ ਸ਼ੇਖਰ ਦਾ ਗੁੱਸਾ ਵੇਖ ਕੇ ਡਰ ਗਈ ਸੀ ਓਹ ਅੱਜ ਪਹਿਲੀ ਵਾਰ ਗੁੱਸੇ ਹੋਇਆ ਸੀ..

ਨੈਣੀ ਕੰਬਦੀ ਆਵਾਜ਼ ਚ ਬੋਲੀ.. ਜੀ ਕੋ.. ਕੋ..ਕੋਈ ਗ਼ਲਤੀ ਹੋਗੀ ਮੇਰੇ ਤੋਂ...

ਗਲਤੀ ਨੀਂ ਗੁਨਾਹ ਕਹਿ ਗੁਨਾਹ.. ਤੂੰ ਐਡੀ ਗੱਲ ਦਾ ਲੁਕਾ ਰਖਿਆ ਮੈਥੋਂ... ਅੱਗ ਦੁਆਲੇ ਫ਼ੇਰੇ ਲੈ ਕੇ ਮੈਨੂੰ ਪ੍ਰਮੇਸ਼ਰ ਮੰਨ ਕੇ ਵੀ ਤੂੰ ਝੂਠ ਬੋਲਦੀ ਰਹੀ..

ਨੈਣੀ ਦੀਆਂ ਵਿਚਾਰੀ ਦੀਆਂ ਅੱਖਾਂ ਭਰ ਆਈਆਂ ਸਨ...... ਓਹ ਬੋਲੀ ਪਲੀਜ਼ ਦੱਸੋ ਤਾਂ ਸਹੀ ਹੋਇਆ ਕੀ ਆ ਮੈਂ ਮਾਫੀ ਮੰਗ ਲੈਨੀ ਆਂ ...

ਮਾਫੀ ਨੈਣੀ ਗਲਤੀ ਦੀ ਮਿਲਦੀ ਆ ਗੁਨਾਹ ਦੀ ਨਹੀਂ

ਗੁਨਾਹ ਦੀ ਤਾਂ ਸਿਰਫ਼ ਸਜ਼ਾ ਮਿਲਦੀ ਆ...

ਤੁਹਾਡੀ ਹਰ ਸਜ਼ਾ ਵੀ ਮਨਜ਼ੂਰ ਆ ਮੈਨੂੰ,ਪਰ ਮੇਰਾ ਕੋਈ ਜ਼ੁਰਮ ਤਾਂ ਦੱਸੋ...

ਫ਼ੇਰ ਭੂਆ ਬੋਲੀ ਜ਼ੁਰਮ ਤੂੰ ਨੀਂ ਜ਼ੁਰਮ ਤਾਂ ਕੀਤਾ ਸੀ ਤੇਰੇ ਜੰਮਣ ਵਾਲੀ ਨੇ ਤੂੰ ਤਾਂ ਇਹ ਗੱਲ ਸਾਡੇ ਤੋਂ ਲੁਕਾ ਕੇ ਓਹਦਾ ਸਾਥ ਦਿੱਤਾ...

ਹੁਣ ਤਾਂ ਨੈਣੀ ਭਰੇ ਹੋਏ ਫੋੜੇ ਵਾਂਗ ਫਿਸ ਪਈ ਸੀ... ਰੋਂਦੀ ਹੌਕੇ ਲੈਂਦੀ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਬੋਲੀ.. ਮੇਰੀ ਆਯੀ ਦਾ ਕੀ ਕਸੂਰ ਆ....

ਨੀਂ ਮੈਂ ਸੀਤਾ ਦੇਵੀਂ ਦੀ ਗੱਲ ਨੀਂ ਕਰਦੀ ਮੋਮੋਠਗਨੀਏ ਮੈਂ ਗੱਲ ਕਰਦੀ ਆ ਰੁਕਸਾਨਾ ਬੇਗ਼ਮ ਦੀ.... ਹੁਣ ਇਹ ਨਾ ਕਹਿ ਦੇਵੀਂ ਕੇ ਓਹ ਕੌਣ ਆ ':

ਭੂਆ ਜੀ ਮੈਂ ਸੱਚੀਂ ਕਿਸੀ ਰੁਕਸਾਨਾ ਨੂੰ ਨੀਂ ਜਾਣਦੀ... ਫ਼ੇਰ ਨੈਣੀ ਸ਼ੇਖਰ ਵੱਲ ਮੂੰਹ ਕਰਦੀ ਬੋਲੀ ਤੁਸੀਂ ਚੁੱਪ ਕਿਉਂ ਹੋ ਤੁਸੀਂ ਤਾਂ ਮੈਨੂੰ ਕਾਲਜ਼ ਟਾਈਮ ਤੋਂ ਜਾਣਦੇ ਹੋ....

ਕਾਸ਼ ਮੈਂ ਤੈਨੂੰ ਜਾਣਦਾ ਹੁੰਦਾ, ਕਹਿ ਕੇ ਸ਼ੇਖਰ ਅੰਦਰ ਚਲਾ ਗਿਆ... ਤੇ ਭੂਆ ਵੀ ਸ਼ੇਖਰ ਦੇ ਮਗਰ ਅੰਦਰ ਚਲੀ ਗਈ...

ਨੈਣੀ ਬਾਹਰ ਖੜੀ ਕਿੰਨਾ ਚਿਰ ਰੋਂਦੀ ਰਹੀ ਤੇ ਚੁੰਨੀ ਦੇ ਲੜ ਨਾਲ ਅੱਖਾਂ ਪੂੰਝਦੀ ਰਹੀ... ਤੇ ਓਹ ਢਿਡ੍ਹ ਤੇ ਹੱਥ ਰੱਖ ਕੇ ਆਪਣੇ ਪੇਟ ਚ ਪਲ ਰਹੇ ਬੱਚੇ ਬਾਰੇ ਸੋਚਦੀ ਰਹੀ ਜਿਸਦਾ ਓਹ ਤੇ ਸ਼ੇਖਰ ਨਾਂ ਤੱਕ ਸੋਚ ਚੁੱਕੇ ਸਨ....

ਅੰਦਰੋਂ ਭੂਆ ਦੀ ਸ਼ੇਖਰ ਨੂੰ ਕਹੀ ਇੱਕ ਗੱਲ ਦੀ ਆਵਾਜ਼ ਨੇ ਓਹਨੂੰ ਖੜੀ ਖੜੀ ਨੂੰ ਜ਼ਮੀਨ ਤੇ ਸੁੱਟ ਦਿੱਤਾ |

ਭਾਗ -7

ਕਿਉਂਕੇ ਭੂਆ ਨੇ ਸ਼ੇਖਰ ਨੂੰ ਕਹਿ ਦਿੱਤਾ ਸੀ

ਹੁਣ ਜਾਂ ਤਾਂ ਓਹ ਹਰਾਮਣ ਏਸ ਘਰ ਚ ਰਹੂਗੀ ਜਾਂ ਮੈਂ.....

ਹੁਣ ਤੂੰ ਦੱਸ ਕੀਹਨੂੰ ਰੱਖਣਾ.... ਇੱਕ ਪਾਸੇ ਤੇਰੇ ਪਿਓ ਦੀ ਭੈਣ ਖੜੀ ਆ ਦੂਜੇ ਪਾਸੇ ਓਹ ਨਾਜਾਇਜ਼ ਜਿਸ ਦੇ ਪਿਓ ਦਾ ਨੀ ਪਤਾ.... ਪਿਓ ਨੀ ਪਿਓਆਂ ਦਾ,, ਖੌਰੇ ਕਿੰਨੇ ਕੁ ਆਉਂਦੇ ਰਹੇ ਹੋਣਗੇ ਏਹਦੀ ਮਾਂ ਕੋਲ.... ਭੂਆ ਦਾ ਗੁੱਸਾ ਅਸਮਾਨ ਛੂ ਰਿਹਾ ਸੀ...... ਔਰਤ ਹੀ ਔਰਤ ਦੀ ਸਭ ਤੋਂ ਵੱਡੀ ਦੁਸ਼ਮਣ ਆ ਇਹ ਗੱਲ ਸੱਚ ਸਾਬਿਤ ਕਰ ਰਹੀ ਸੀ ਭੂਆ....

ਸ਼ੇਖਰ ਦੋਚਿਤੀ ਚ ਫਸਿਆ ਖੜ੍ਹਾ ਸੀ.... ਇੱਕ ਪਾਸੇ ਓਹ ਸੀ ਜੀਹਨੇ ਓਹਨੂੰ ਪਾਲ ਕੇ ਜਵਾਨ ਕੀਤਾ ਸੀ ਤੇ ਦੂਜੇ ਪਾਸੇ ਓਹ ਜਿਸ ਨਾਲ ਓਹਨੇ ਅਗਨੀ ਨੂੰ ਸ਼ਾਖਸ਼ੀ ਮੰਨ ਕੇ ਸਾਰੀ ਉਮਰ ਕੱਠੇ ਰਹਿਣ ਦੇ ਪ੍ਰਣ ਕੀਤੇ ਸਨ...

ਨੈਣੀ ਬਾਹਰ ਖੜੀ ਸਭ ਸੁਣ ਰਹੀ ਸੀ ਇੱਕ ਹੱਥ ਓਹਨੇ ਢਿੱਡ ਤੇ ਰੱਖਿਆ ਹੋਇਆ.... ਜਿਸ ਢਿੱਡ ਚ ਓਹਦਾ ਤੇ ਸ਼ੇਖਰ ਦਾ ਬੱਚਾ ਪਲ ਰਿਹਾ ਸੀ..... ਓਹਦੀਆਂ ਮੋਟੀਆਂ ਅੱਖਾਂ ਚੋਂ ਹੰਝੂ ਗੱਲ੍ਹਾ ਤੋਂ ਵਗ ਰਹੇ ਸਨ ਤੇ ਅੱਖਾਂ ਦੇ ਸੁਰਮੇ ਨੇ ਗੱਲ੍ਹਾ ਤੇ ਕਾਲਖ਼ ਦੀਆਂ ਲਾਈਨਾਂ ਬਣਾ ਦਿੱਤੀਆਂ ਸਨ.. ਹੁਣ ਤਾਂ ਓਹਦੇ ਚ ਹੰਝੂ ਪੂੰਝਣ ਦਾ ਵੀ ਹੌਸਲਾ ਬਾਕੀ ਨਹੀਂ ਸੀ ਬਚਿਆ... ਸ਼ਾਇਦ ਓਹਦੇ ਹੱਥ ਵੀ ਥੱਕ ਚੁੱਕੇ ਸਨ ਹੰਝੂ ਪੂੰਝ ਪੂੰਝ ਕੇ... ਪਰ ਅੱਖਾਂ ਨਹੀਂ ਸਨ ਥੱਕੀਆਂ ਜੋ ਹਲੇ ਵੀ ਵਗ ਰਹੀਆਂ ਸਨ |

ਆਖਿਰ ਸ਼ੇਖਰ ਨੇ ਨੈਣੀ ਨੂੰ ਛੱਡਣ ਦਾ ਫੈਸਲਾ ਕਰ ਲਿਆ

ਓਹ ਬਾਹਰ ਆ ਕੇ ਨੈਣੀ ਨੂੰ ਬੋਲਿਆ... ਕੇ ਦੇਖ ਨੈਣੀ ਅੱਜ ਤਾਂ ਇਹ ਸਭ ਭੂਆ ਨੂੰ ਪਤਾ ਲੱਗਿਆ ਕੱਲ ਲੋਕਾਂ ਨੂੰ ਵੀ ਪਤਾ ਲੱਗੇਗਾ.. ਓਹ ਕੀ ਕਹਿਣਗੇ

ਨੈਣੀ ਚੀਕ ਕੇ ਬੋਲੀ ਵੇ ਮੈਨੂੰ ਨੀ ਪ੍ਰਵਾਹ ਤੇਰੇ ਲੋਕਾਂ ਦੀ.. ਬੱਸ ਤੂੰ ਆਪਣੀ ਦੱਸ ਤੇਰਾ ਦਿਲ ਕੀ ਕਹਿੰਦਾ ਸ਼ੇਖਰ.. ਨੈਣੀ ਫ਼ੇਰ ਰੋਣ ਲੱਗ ਪਈ..

ਦੇਖ ਨੈਣੀ ਤੂੰ ਥੋੜੇ ਦਿਨ ਆਪਣੇ ਮਾਂ ਬਾਪ ਕੋਲ....

ਬੱਸ ਏਸ ਤੋਂ ਅੱਗੇ ਨਾ ਬੋਲੀ ਸ਼ੇਖਰ ਕੁੱਝ ਕਹਿਣ ਦੀ ਲੋੜ ਨੀ ਜਿੰਨ੍ਹਾਂ ਨੇ ਐਨਾ ਚਿਰ ਪਾਲ ਲਿਆ ਓਹ ਅੱਗੇ ਵੀ ਪਾਲ ਹੀ ਲੈਣਗੇ..

ਨੈਣੀ ਅੰਦਰ ਗਈ.. ਓਹਨੇ ਟੈਚੀ ਚ ਆਪਣੇ ਕਪੜੇ ਪਾਏ ਤੇ ਬਾਹਰ ਨਿਕਲ ਆਈ...

ਮੈਂ ਤੈਨੂੰ ਛੱਡ ਆਉਣਾ ਨੈਣੀ.... ਸ਼ੇਖਰ ਬੋਲਿਆ

ਵੇ ਛੱਡ ਤਾਂ ਦਿੱਤਾ ਹੁਣ ਹੋਰ ਕਿੰਨਾ ਕੁ ਛੱਡੇਗਾਂ

ਇਹ ਆਖ ਕੇ ਨੈਣੀ ਦਰਵਾਜਿਓ ਬਾਹਰ ਨਿਕਲ ਗਈ...

ਅਸਮਾਨ ਤੇ ਤਾਰੇ ਨਿਕਲ ਆਏ ਸਨ .. ਓਹ ਰੋਂਦੀ ਹੋਈ ਤੁਰੀ ਜਾ ਰਹੀ ਸੀ ... ਅਚਾਨਕ ਉਸਦੇ ਪਿੱਛੇ ਆ ਕੇ ਇੱਕ ਓਮਨੀ ਵੈਨ ਰੁਕੀ ਉਸਤੋਂ ਬਾਅਦ ਕਿਸੇ ਨੂੰ ਨੈਣੀ ਦਾ ਕੁੱਝ ਵੀ ਪਤਾ ਨਹੀਂ ਲੱਗਿਆ .... ਓਹ ਸ਼ੇਖਰ ਦੇ ਘਰੋਂ ਨਿਕਲੀ ਜ਼ਰੂਰ ਪਰ ਪ੍ਰੇਮਚੰਦ ਦੇ ਘਰ ਕਦੇ ਨਾ ਪਹੁੰਚੀ |

## ਭਾਗ-8

ਹਾਂ ਬਾਬਾ ਤੇਰਾ ਕੀ ਮਸਲਾ,, ਥਾਣੇ ਚ ਬਣੇ ਲੱਕੜ ਦੇ ਬੈਂਚ ਤੇ ਬੈਠੇ ਪ੍ਰੇਮ ਚੰਦ ਨੂੰ ਮੁਨਸ਼ੀ ਨੇ ਪੁੱਛਿਆ.... ਓਹ ਬਾਬਾ ਤੈਨੂੰ ਪੁੱਛ ਰਿਹਾਂ ਮੁਨਸ਼ੀ ਓਹਨੂੰ ਬਾਂਹ ਤੋਂ ਫੜ ਕੇ ਹਿਲਾਉਂਦਾ ਬੋਲਿਆ...

ਹਾਂ ਜੀ ਹਾਂ ਜੀ... ਪ੍ਰੇਮ ਚੰਦ ਉਬੜਵਾਹੇ ਬੋਲਿਆ ਜਿਵੇਂ ਕਿਸੇ ਨੇ ਉਸਨੂੰ ਕਿਸੇ ਸੁਪਨੇ ਚੋਂ ਬਾਹਰ ਕੱਢ ਲਿਆ ਹੋਵੇ..

ਜੀ ਇੱਕ ਰਿਪੋਟ ਲਿਖਾਉਣੀ ਸੀ...

ਬਾਬਾ ਅਸੀਂ ਰਿਪੋਟਾਂ ਹੀ ਲਿਖਦੇ ਆਂ ਏਥੇ ਹੋਰ ਕੇਹੜਾ ਭੋਗ ਦੇ ਕਾਟ ਛਾਪਦੇ ਆਂ.. ਮੁਨਸ਼ੀ ਹਸਦਾ ਬੋਲਿਆ

ਹਾਂ ਦੱਸ ਬਾਬਾ ਚੋਰੀ ਦੀ ਲਿਖਾਉਣੀ ਜਾਂ ਗੁਆਂਢੀਆਂ ਨਾਲ ਲੜਾਈ ਦੀ?

ਜੀ ਗੁੰਮਸ਼ੁਦਾ ਦੀ...

ਅੱਛਾ ਕੌਣ ਗੁੰਮ ਗਿਆ ਬਾਬਾ ਤੇਰਾ,, ਕਿਤੇ ਘਰਵਾਲੀ ਤਾਂ ਨੀ ਗਵਾ ਲੀ ਏਸ ਉਮਰੇ.... ਮੁਨਸ਼ੀ ਮਜ਼ਾਕ ਦੇ ਮੂਡ ਚ ਸੀ...

ਜੀ ਮੇਰੀ ਧੀ ਨੈਣੀ ਦੇ ਗੁੰਮ ਹੋਣ ਦੀ, ਪ੍ਰੇਮ ਚੰਦ ਭਰੀਆਂ ਅੱਖਾਂ ਨਾਲ ਹੌਲੀ ਹੌਲੀ ਬੋਲਿਆ ...

ਬਾਬਾ ਦੱਸ ਕਿੰਨੀ ਉਮਰ ਆਂ ਓਹਦੀ....

ਜੀ ਆਹੀ ਕੋਈ 22-23 ਸਾਲ..

ਅੱਛਾ ਕੋਈ ਫੋਟੋ ਹੈ ਓਹਦੀ ...

ਹਾਂਜੀ ਆਹ ਰਹੀ ਪ੍ਰੇਮ ਚੰਦ ਝੋਲੇ ਚੋਂ ਫੋਟੋ ਫੜਾਉਂਦਾ ਬੋਲਿਆ...

ਫੋਟੋ ਫੜ ਕੇ ਮੁਨਸ਼ੀ ਇੱਕ ਟੱਕ ਦੇਖਦਾ ਬੋਲਿਆ ਬਹੁਤ ਸੋਹਣੀ ਆ ਬਾਬਾ ਕੋਈ ਚੱਕਰ ਚੁੱਕਰ ਤਾਂ ਨੀ ਸੀ ਕਿਸੇ ਨਾਲ ਮੁਨਸ਼ੀ ਮੁਸਕੜੀਏ ਹੱਸਦਾ ਬੋਲਿਆ...

ਜੀ ਵਿਆਹੀ ਹੋਈ ਸੀ ਸਹੁਰੇ ਘਰੋਂ ਆ ਰਹੀ ਸੀ ਰਸਤੇ ਚੋਂ ਪਤਾ ਨੀ ਲੱਗਿਆ ਕੇ ਕਿੱਧਰ ਗਾਇਬ ਹੋ ਗਈ... ਏਦੂ ਪਹਿਲਾਂ ਮੁਨਸ਼ੀ ਪ੍ਰੇਮ ਚੰਦ ਨੂੰ ਕੁੱਝ ਹੋਰ ਊਟ ਪਟਾਂਗ ਪੁੱਛਦਾ ਓਹਨੇ ਸਾਰੀ ਗੱਲ ਸਾਫ ਕਰ ਦਿੱਤੀ...

ਹੁਣ ਆਈ ਆ ਬੋਤੀ ਬੋਹੜ ਥੱਲੇ... ਐਂ ਦੱਸ ਬਾਬਾ ਓਹਦੇ ਸਹੁਰਿਆਂ ਦਾ ਕੋਈ ਕਿਉਂ ਨੀ ਆਇਆ ਰਿਪੋਟ ਲਿਖਾਉਣ...?

ਜੀ ਪਤਾ ਨੀ.... ਪ੍ਰੇਮ ਚੰਦ ਦਾ ਰੋਣਾ ਨਿਕਲ ਗਿਆ..

ਦੇਖ ਬਾਬਾ ਜਾਂ ਤਾਂ ਕੋਈ ਆਸ਼ਿਕ ਹੋਣਾ ਏਹਦਾ ਕੋਈ ਪੁਰਾਣਾ ਓਹਦੇ ਨਾਲ ਗੱਲ ਬਾਤ ਹੋਊਗੀ,, ਘਰਵਾਲਾ ਰੋਕਦਾ ਹੋਊਗਾ ਤੇ ਇਹ ਰੁਕਦੀ ਨੀ ਹੋਣੀ ਓਹਦੇ ਨਾਲ ਹੀ ਪੱਤਰੇ ਵਾਚ ਗੀ ਹੋਣੀ ਆ ... ਚੱਲ ਕੋਈ ਨਾ ਥੋਡੀ ਰਿਪੋਟ ਮੈਂ ਲਿਖ ਲਈ ਆ,ਜਦੋਂ ਵੀ ਕੋਈ ਪਤਾ ਲੱਗਾ ਤੈਨੂੰ ਫੋਨ ਕਰ ਦਿਆਂ ਗੇ.. ਹੁਣ ਤੂੰ ਜਾਹ ਘਰ ਐਸ਼ ਕਰ...

ਮੇਹਰਬਾਨੀ ਜੀ ਆਖ ਕੇ ਪ੍ਰੇਮ ਚੰਦ ਉੱਠ ਕੇ ਲੱਤਾਂ ਘੜੀਸ ਦਾ ਤੁਰ ਪਿਆ....

ਥਾਣੇਦਾਰ ਪੀ ਕੇ ਗੁਪਤਾ ਸਿਰ ਜੇਹਾ ਸੁੱਟੀ ਬੈਠਾ ਸੀ.... ਓਏ ਮੁਨਸ਼ੀ ਜਾ ਬਾਹਰ ਰੇਹੜੀ ਵਾਲੇ ਨੂੰ ਕਹਿ ਨੀਂਬੂ ਪਾਣੀ ਭੇਜੇ ਸਾਲੀ ਰਾਤ ਦੀ ਪੀਤੀ ਸਿਰ ਫੜੀ ਬੈਠੀ ਆ...

ਜਨਾਬ... ਤੁਸੀਂ ਨੀਂਬੂ ਪਾਣੀ ਨੂੰ ਮਾਰੋ ਗੋਲੀ ਆ ਵਿਸ਼ਕੀ ਦੀ ਬੋਤਲ ਵੇਖੋ.... ਮੁਨਸ਼ੀ ਥਾਣੇਦਾਰ ਨੂੰ ਨੈਣੀ ਦੀ ਫੋਟੋ ਦਿਖਾਉਂਦਾ ਬੋਲਿਆ....

ਜਨਾਬ...ਲੱਗਦੀ ਆ ਨਾ ਸੁਲਫੇ ਦੀ ਲਾਟ ਵਰਗੀ,, ਅੱਖਾਂ ਵੇਖੋ ਜਨਾਬ ਜੀ ਕਰਦਾ ਫੋਟੋ ਚੋਂ ਬਾਹਰ ਕੱਢਲਾਂ...

ਮੁਨਸ਼ੀ ਚਾਂਭਲ ਕੇ ਬੋਲ ਰਿਹਾ ਸੀ...

ਜਨਾਬ ਇਹ ਆ ਲਪਤਾ ਜੇ ਰਾਤ ਦੀ ਪੀਤੀ ਲਾਹੁਣੀ ਤਾਂ ਏਹਨੂੰ ਲੱਭੀਏ... ਸਹੁਰਿਆਂ ਨਾਲ ਬਣਦੀ ਨੀ ਮਾਂ ਪਿਓ ਉਂਝ ਬੁੜੇ ਆ ਆਪਣੀਆਂ ਪੰਜੇ ਘਿਓ ਚ ਆ... ਜਨਾਬ ਕੀ ਕਹਿੰਦੇ

ਜਾ ਬਹੁਤੀ ਭਕਾਈ ਨਾ ਮਾਰ ਜਾਹ ਜਾ ਕੇ ਨੀਂਬੂ ਪਾਣੀ ਕਹਿ ਕੇ ਆ....ਥਾਣੇਦਾਰ ਝਾੜ ਪਾਉਂਦਾ ਬੋਲਿਆ

ਮੁਨਸ਼ੀ ਜਾਣ ਲੱਗਿਆ ਤਾਂ ਥਾਣੇਦਾਰ ਬੋਲਿਆ ਕਿੱਥੇ ਚੱਲਿਆਂ ਸਾਹੁਰੀ ਦਿਆ,ਆ ਫੋਟੋ ਤਾਂ ਫੜਾ ਕੇ ਜਾਹ ਉਰੇ..

ਪੀ ਕੇ ਗੁਪਤਾ ਨੀਝ ਲਾ ਕੇ ਨੈਣੀ ਨੂੰ ਦੇਖਣ ਲੱਗ ਪਿਆ...|

## ਭਾਗ -9

ਬਾਬਾ ਤੂੰ ਅੱਜ ਫ਼ੇਰ ਆ ਗਿਆਂ ? ਬੈਂਚ ਤੇ ਬੈਠੇ ਪ੍ਰੇਮ ਚੰਦ ਨੂੰ ਦੇਖ ਕੇ ਮੁਨਸ਼ੀ ਬੋਲਿਆ..

ਕੀ ਤੇਰਾ ਠਾਣੇ ਚ ਝੋਨਾ ਬੀਜਿਆ ਜੋ ਰੋਜ ਪਾਣੀ ਦੇਣ ਆ ਜਾਨਾ ਤੈਥੋਂ ਟਿਕ ਕੇ ਘਰ ਨੀ ਬੈਠ ਹੁੰਦਾ...?

ਜੀ ਮੇ..ਰੀ ਓਹ ਧੀ ਦਾ ਕੁੱ..ਝ ਪਤਾ..... ਪ੍ਰੇਮ ਚੰਦ ਰੁਕਦਾ ਰੁਕਦਾ ਬੋਲਿਆ..

ਬਾਬਾ ਸਾਡੀ ਜੇਬ ਚ ਪਾਈ ਆ ਜਿਹੜੀ ਕੱਢ ਕੇ ਫੜਾ ਦੇਈਏ ਜਾਂ ਸਾਡੇ ਕੋਲ ਅਲਾਦੀਨ ਦਾ ਚਿਰਾਗ਼ ਆ ਕੋਈ ਕੇ ਓਹਨੂੰ ਰਗੜੀਏ ਤੇ ਵਿੱਚੋਂ ਤੇਰੀ ਧੀ ਨਿਕਲ ਆਵੇ.... ਅਸੀਂ ਕੰਮ ਕਰ ਰਹੇ ਆਂ ਨਾ.....

ਜੀ ਮੇਰੀਆਂ ਤਾਂ ਜੁੱਤੀਆਂ ਘਸ ਗਈਆਂ ਪਿਛਲੇ ਵੀਹ ਦਿਨਾਂ ਤੋਂ ਗੇੜੇ ਮਾਰ ਮਾਰ ਕੇ ਪ੍ਰੇਮ ਚੰਦ ਆਪਣੀ ਟੁੱਟੀ ਚੱਪਲ ਵੱਲ ਦੇਖਦਾ ਬੋਲਿਆ...

ਹੁਣ ਪਹਿਲਾਂ ਤੈਨੂੰ ਜੁੱਤੀ ਲੈ ਕੇ ਦੇਈਏ ਕੇ ਕੰਮ ਕਰੀਏ..

ਰੌਲਾ ਸੁਣ ਕੇ ਠਾਣੇਦਾਰ ਪੀ ਕੇ ਗੁਪਤਾ ਵੀ ਬਾਹਰ ਆ ਗਿਆ ਕੀ ਹੋਇਆ ਮੁਨਸ਼ੀ..?

ਕੁੱਛ ਨੀ ਜਨਾਬ ਆਹ ਪਤੰਦਰ ਰੋਜ ਹੀ ਮੂੰਹ ਚੱਕ ਠਾਣੇ ਆ ਜਾਂਦਾ ਅੱਧਾ ਕੰਮ ਤਾਂ ਜਨਾਬ ਇਹ ਨੀ ਕਰਨ ਦਿੰਦੇ ਫ਼ੇਰ ਕਹਿਣਗੇ ਪੁਲਸ ਕੰਮ ਨੀ ਕਰਦੀ...

ਪ੍ਰੇਮ ਚੰਦ ਜੀ ਤੁਸੀਂ ਕੱਲ ਵੱਡੇ ਅਫਸਰਾਂ ਨੂੰ ਮਿਲ ਕੇ ਸਾਡੀ ਕੰਪਲੇਂਟ ਤਾਂ ਕਰਤੀ ਪਰ ਯਾਦ ਰੱਖਿਓ ਪਾਣੀ ਏਹਨਾਂ ਹੀ ਪੁੱਲਾਂ ਥੱਲੋਂ ਲੰਘਣਾ.... ਮੁਨਸ਼ੀ ਸਖਤੀ ਨਾਲ ਪੁੱਛ ਗਿੱਛ ਕਰ ਮੈਨੂੰ ਓਹਦੇ ਲਾਪਤਾ ਹੋਣ ਚ ਏਹਦਾ ਹੀ ਹੱਥ ਲੱਗਦਾ..ਏਹਨੂੰ ਅੰਦਰ ਲੈ ਕੇ ਆ ਮੇਰੇ ਕੋਲ..ਠਾਣੇਦਾਰ ਪੀ ਕੇ ਗੁਪਤਾ ਐਨਾ ਕਹਿ ਕੇ ਅੰਦਰ ਚਲਾ ਗਿਆ..

ਮੁਨਸ਼ੀ ਪ੍ਰੇਮ ਚੰਦ ਨੂੰ ਅੰਦਰ ਠਾਣੇਦਾਰ ਕੋਲ ਲੈ ਗਿਆ..

ਬਾਬਾ ਤੂੰ ਵੱਡੇ ਅਫਸਰਾਂ ਕੋਲ ਸਾਡੀ ਸ਼ਾਕਾਇਤ ਕਿਉਂ ਕੀਤੀ.......?

ਮੈਂ ਥੱਕ ਗਿਆਂ ਗੇੜੇ ਮਾਰ ਮਾਰ ਕੇ ਕਿਸੇ ਨੇ ਕਿਹਾ ਐੱਸ ਐੱਸ ਪੀ ਨੂੰ ਮਿਲੋ ਓਹ ਸੁਨਣ ਗੇ ਗੱਲ.... ਪ੍ਰੇਮ ਚੰਦ ਦਾ ਰੋਣ ਨਿਕਲ ਗਿਆ ..

ਸੁਣ ਲਈ ਫ਼ੇਰ ਓਹਨਾਂ, ਨਾਲੇ ਬਾਬਾ ਅਸੀਂ ਕੁੜੀ ਦੇ ਸਹੁਰੇ ਪੁੱਛ ਪੜਤਾਲ ਕੀਤੀ ਓਹਨਾਂ ਨੇ ਤਾਂ ਅੱਗੋਂ ਨਵਾਂ ਹੀ ਸੱਪ ਕੱਢ ਲਿਆ ਓਹ ਤਾਂ ਕਹਿੰਦੇ ਕੇ ਕੁੜੀ ਤੇਰੀ ਓਹ ਹੈ ਹੀ ਨਹੀਂ ਓਹ ਤਾਂ ਕਿਸੇ ਨੱਚਣ ਵਾਲੀ ਦੀ ਕੁੜੀ ਆ...

ਹਾਂ ਜੀ ਪਰ ਪਾਲੀ ਮੈਂ ਆ ਪ੍ਰੇਮ ਚੰਦ ਝਿੜਕਦਾ ਬੋਲਿਆ.

ਨਾ ਤੂੰ ਐਨੇ ਦਿਨਾਂ ਤੋਂ ਸਾਨੂੰ ਬੁੱਧੂ ਬਣਾ ਰਿਹਾ ਸੀ ਇਹ ਗੱਲ ਪਹਿਲਾਂ ਕਿਉਂ ਨੀ ਦੱਸੀ ਹੁਣ ਨੂੰ ਕਦੋਂ ਦਾ ਕੇਸ ਨਿਬੜ ਜਾਣਾ ਸੀ..

ਦੇਖ ਬਾਬਾ ਗੁੱਸਾ ਨਾ ਕਰੀਂ ਏਹਨਾ ਨੱਚਣ ਵਾਲੀਆਂ ਦੇ ਖ਼ੂਨ ਚੋਂ ਠੁਮਕੇਆਂ ਦੇ ਕੀੜੇ ਨੀ ਜਾਂਦੇ ਹੁੰਦੇ ਓਹ ਬੈਠੀ ਕਿਸੇ ਕੋਠੇ ਤੇ ਐਸ਼ਾਂ ਕਰਦੀ ਹੋਊ ਤੇ ਤੂੰ ਸਾਡੇ ਕੋਲ ਗੇੜੇ ਮਾਰ ਮਾਰ ਠਾਣਾ ਨੀਵਾਂ ਕਰਤਾ....

ਜੇ ਦੇਖਣਾ ਹੋਇਆ ਤੈਨੂੰ ਵੀ ਓਹਦੇ ਠੁਮਕੇ ਦਿਖਾ ਲਿਆਵਾਂਗੇ...ਮਸਕਰੀਏ ਹੱਸਦਾ ਠਾਣੇਦਾਰ ਬੋਲਿਆ..

ਏਦੂ ਪਹਿਲਾਂ ਕੇ ਠਾਣੇਦਾਰ ਓਹਦੀ ਧੀ ਨੈਣੀ ਬਾਰੇ ਹੋਰ ਬਕਵਾਸ ਕਰਦਾ ਪ੍ਰੇਮ ਚੰਦ ਕੁਰਸੀ ਦਾ ਸਹਾਰਾ ਲੈਂਦਾ ਉੱਠਿਆ ਤੇ ਘਰ ਨੂੰ ਤੁਰ ਪਿਆ.....

**

ਪ੍ਰੇਮ ਚੰਦ ਦੇ ਦਿਮਾਗ ਚ ਠਾਣੇਦਾਰ ਦੀਆਂ ਕਹੀਆਂ ਗੱਲਾਂ ਘਣ ਵਾਂਗੂ ਵੱਜ ਰਹੀਆਂ ਸਨ.... ਓਹ ਰੱਬ ਵੱਲ ਮੂੰਹ ਕਰਕੇ ਬੋਲਿਆ 'ਦੇਖਿਆ ਤੂੰ' ਓਹਨਾਂ ਮੇਰੀ ਧੀ ਨੈਣੀ ਬਾਰੇ ਕੀ ਬਕਵਾਸ ਕੀਤਾ... ਕਿੱਦਾਂ ਦਾ ਬਣਾਇਆ ਤੂੰ ਔਰਤ ਨੂੰ ਰੱਬਾ' ਲੜਾਈ ਮਰਦਾਂ ਦੀ ਹੋਵੇ ਗਾਲ੍ਹਾਂ ਔਰਤ ਨੂੰ ਕੱਢੀਆਂ ਜਾਂਦੀਆਂ ਆਖ਼ਿਰ ਕਿਉਂ.... ਰੱਬਾ ਆਖ਼ਿਰ ਕਿਉਂ,,

ਓਹ ਬਚਪਨ ਵਿੱਚ ਵੀ ਆਪਣੇ ਭਰਾਵਾਂ ਵਾਂਗ ਬਾਹਰ ਖੇਡਣ ਨਹੀਂ ਜਾ ਸਕਦੀ ਕਿਉਂ,, ਕਿਉਂ ਓਹ ਸਾਰੀ ਉਮਰ ਕੈਦ ਚ ਰਹਿੰਦੀ ਆ ਪਹਿਲਾਂ ਪਿਓ ਦੀ ਫ਼ੇਰ ਪਤੀ ਦੀ ਕੈਦ ਓਹ ਆਜ਼ਾਦ ਕਿਉਂ ਨੀ ਹੁੰਦੀ ਰੱਬਾ,, ਓਹ ਆਜ਼ਾਦ ਕਿਉਂ ਨੀ ਹੁੰਦੀ... ਪ੍ਰੇਮ ਚੰਦ ਦੀਆਂ ਭੁੱਬਾਂ ਨਿਕਲ ਗਈਆਂ.....

ਓਧਰ ਠਾਣੇਦਾਰ ਤੇ ਐੱਸ ਐੱਸ ਪੀ ਨੇ ਕਾਫੀ ਸਖਤੀ ਕਰ ਦਿੱਤੀ ਸੀ ਕੇ ਜਲਦ ਤੋਂ ਜਲਦ ਇਹ ਕੇਸ ਹੱਲ ਕਰੇ....

ਪ੍ਰੇਮ ਚੰਦ ਨੇ ਘਰੋਂ ਸਲਫ਼ਾਸ ਦੀਆਂ ਗੋਲੀਆਂ ਚੱਕੀਆਂ ਤੇ ਇੱਕੋ ਵਾਰੀ ਸਾਰੀਆਂ ਖਾ ਗਿਆ..... ਤੇ ਅਲਵਿਦਾ ਕਹਿ ਗਿਆ ਏਸ ਦੁਨੀਆਂ ਨੂੰ...

***

ਠਾਣੇਦਾਰ ਸਿਰ ਸੁੱਟੀ ਫਾਇਲਾਂ ਦੇਖ ਰਿਹਾ ਸੀ... ਮੁਨਸ਼ੀ ਸੀਟੀ ਵਜਾਉਂਦਾ ਹੱਥ ਚ ਡੱਬਾ ਲੈ ਕੇ ਅੰਦਰ ਆਇਆ... ਬੋਲਿਆ ਕੀ ਹੋਇਆ ਜਨਾਬ ਏਨ੍ਹੇ ਫਿਕਰਮੰਦ ਲੱਗ ਰਹੇ ਹੋ....?

ਕੁੱਝ ਨੀ ਯਾਰ ਉੱਪਰੋਂ ਆਡਰ ਆਏ ਆ ਕੇ ਓਹ ਲਾਪਤਾ ਕੁੜੀ ਵਾਲਾ ਕੇਸ ਛੇਤੀ ਸੁਲਝਾਓ... ਸਾਲਾ ਤੰਗ ਕੀਤਾ ਪਿਆ..

ਟੇਂਸ਼ਨ ਛੱਡੋ ਜਨਾਬ ਆਹ ਲੱਡੂ ਖਾਓ,, ਓਹ ਕੇਸ ਤਾਂ ਸੁਲਝ ਗਿਆ...

ਹੁਣ ਫਾਈਲ ਕਰੋ ਬੰਦ ਤੇ ਅਰਾਮ ਨਾਲ ਬੈਠੋ...

ਕਿਉਂ ਕੀ ਹੋਇਆ ਸੁਲਝ ਕਿਵੇਂ ਗਿਆ ਕੇਸ, ਕੁੜੀ ਲੱਭ ਗੀ?

ਨਹੀਂ ਕੁੜੀ ਤਾਂ ਨੀ ਲੱਭੀ, ਪਰ ਜੀਹਨੇ ਐਫ ਆਈ ਆਰ ਲਿਖਵਾਈ ਸੀ

ਜਨਾਬ.....ਓਹ ਤਾਂ ਖੁਦਕੁਸ਼ੀ ਕਰ ਗਿਆ

ਕੇਸ ਕਲੋਜ਼ ਹੋ ਗਿਆ..... ਤੇ ਦੋਨੋਂ ਹੱਸਦੇ ਮਿਠਾਈ ਖਾਣ ਲੱਗ ਪਏ....

**ਸਮਾਪਤ**


**ਬੇਅੰਤ ਬਰੀਵਾਲਾ**

**+91 9041847077**

**Instagram : @beantbariwala**

**E-mail : bean22g@gmail.com**



ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com